# ਧੁੱਪ ਦਰਿਆ



ਜਸਵੰਤ ਜ਼ਫ਼ਰ

# ਧੁੱਪ ਦਰਿਆ

**ਏਸ ਤੋਂ ਪਹਿਲਾਂ**

| | |
|---|---|
| ਦੋ ਸਾਹਾਂ ਵਿਚਕਾਰ | (ਕਵਿਤਾ) |
| ਅਸੀਂ ਨਾਨਕ ਦੇ ਕੀ ਲਗਦੇ ਹਾਂ | (ਕਵਿਤਾ) |
| ਇਹ ਬੰਦਾ ਕੀ ਹੁੰਦਾ | (ਕਵਿਤਾ) |
| ਪਿਆਰੇ ਆਓ ਘਰੇ | (ਕਵਿਤਾ) |
| ਲਫ਼ਜ਼ਾਂ ਦਾ ਪਰਲਾ ਪੱਤਣ/ The Other Shore of Words | (ਕਵਿਤਾ) |
| ਸਿਖੁ ਸੁ ਖੋਜਿ ਲਹੈ | (ਵਾਰਤਕ) |
| ਮੈਨੂੰ ਇਉਂ ਲੱਗਿਆ | (ਵਾਰਤਕ) |
| ਭਗਤੁ ਸਤਿਗੁਰੂ ਹਮਾਰਾ | (ਵਾਰਤਕ) |

# ਬੁੱਢਾ ਦਰਿਆ

(ਨਾਟਕ)


## ਜਸਵੰਤ ਜ਼ਫ਼ਰ



ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

# *Buddha Darya*

*A Play By*

**Jaswant Singh Zafar ©**
# 28, Basant Vihar, Jawaddi,
Ludhiana - 141013
Mobile: 99888-03277
e-mail: jaszafar@yahoo.com

**ISBN : 978-93-88915-20-5**
**Rs. 125/- $5**
**2019**
*Printed and Bound In India*

*Published by*
**A Group of**
**Chetna Parkashan**
PUNJABI BHAWAN, LUDHIANA (Pb.) INDIA
**KOTKAPURA | CANADA | USA**
Ph. 0161-2413613, 2404928, (M) 98152-98459, 98762-07774
Ph.: 95011-45039
Website: www.chetnaparkashan.com
E-mail: chetnaparkashan@gmail.com, gulatipublishersltd@gmail.com

Printer : R.K. Offset, Delhi

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

follow us on : www.facebook.com/ChetnaParkashan

ਸ. ਅਮਰਜੀਤ ਸਿੰਘ ਗਰੇਵਾਲ
ਲਈ

ਚਉਥੈ ਪਹਰਿ ਸੁਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥
(ਮ.੨)

# ਬੁੱਢਾ ਦਰਿਆ ਨਾਟਕ ਦਾ ਜਨਮ

ਇਹ ਨਾਟਕ ਲਿਖਣਾ ਸ਼ੁਰੂ ਕਰਨ ਤੋਂ ਦੋ ਦਿਨ ਪਹਿਲਾਂ ਨਹੀਂ ਸੀ ਪਤਾ ਕਿ ਮੈਂ ਜ਼ਿੰਦਗੀ 'ਚ ਕਦੀ ਕੋਈ ਨਾਟਕ ਵੀ ਲਿਖਾਂਗਾ।

27 ਜਨਵਰੀ, 2019 ਦਾ ਦਿਨ ਅਸੀਂ ਬੁੱਢੇ ਦਰਿਆ 'ਤੇ 'ਆਣ ਮਿਲੋ ਦਰੀਆਓ' ਸੰਮੇਲਨ ਲਈ ਮਿਥਿਆ ਸੀ। ਇਸ ਵਿਚ ਕਲਾ ਦੇ ਬਹੁਤ ਸਾਰੇ ਰੂਪਾਂ ਨਾਲ ਸਬੰਧਤ ਪੇਸ਼ਕਾਰੀਆਂ ਅਤੇ ਪ੍ਰਦਰਸ਼ਨੀਆਂ ਦੀ ਯੋਜਨਾ ਬਣਾ ਰਹੇ ਸੀ। ਰਾਗੀਆਂ, ਢਾਡੀਆਂ, ਕਵੀਆਂ, ਕਵੀਸ਼ਰਾਂ, ਗੀਤਕਾਰਾਂ, ਸੰਗੀਤਕਾਰਾਂ, ਚਿਤਰਕਾਰਾਂ, ਫੋਟੋਕਾਰਾਂ, ਬੁੱਤਕਾਰਾਂ ਆਦਿ ਦੇ ਆਉਣ ਦੇ ਪ੍ਰੋਗਰਾਮ ਬਣਨ ਲੱਗੇ। ਦੋਸਤਾਂ ਦਾ ਖਿਆਲ ਬਣਿਆਂ ਕਿ ਇਸ ਸੰਮੇਲਨ ਵਿਚ ਬੁੱਢੇ ਦਰਿਆ ਬਾਰੇ ਕੋਈ ਨਾਟਕ ਵੀ ਜ਼ਰੂਰ ਹੋਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਆਪਣੇ ਦੋਸਤ ਅਤੇ ਸਹਿਕਰਮੀ ਸ. ਚਰਨਜੀਤ ਸਿੰਘ ਬਰਾੜ ਦੀ ਬੁੱਢੇ ਦਰਿਆ ਬਾਰੇ ਕਵਿਤਾ ਸੁਣਦਿਆਂ ਝਲਕਾਰੇ ਮਾਤਰ ਇਹ ਖਿਆਲ ਆਇਆ ਸੀ ਕਿ ਇਸ ਵਿਸ਼ੇ 'ਤੇ ਵਧੀਆ ਨਾਟਕ ਹੋ ਸਕਦਾ ਹੈ। ਸੋਚਿਆ ਕਿ ਇਸ ਸਬੰਧੀ ਡਾ. ਆਤਮਜੀਤ ਜੀ ਨੂੰ ਬੇਨਤੀ ਕਰਦੇ ਹਾਂ। ਪਰ ਉਹਨਾਂ ਦਾ ਫੋਨ ਨਾ ਮਿਲਿਆ। ਫਿਰ ਕੇਵਲ ਧਾਲੀਵਾਲ ਜੀ ਨਾਲ ਗੱਲ ਕੀਤੀ। ਉਹਨਾਂ ਨੂੰ ਸਾਡੀ ਮੁਹਿੰਮ ਬਾਰੇ ਕੁਝ ਜਾਣਕਾਰੀ ਸੀ। ਉਹ ਨਾਟਕ ਤਿਆਰ ਕਰਨ ਲਈ ਰਾਜੀ ਹੋ ਗਏ। ਕਹਿਣ ਲੱਗੇ ਇਸ ਬਾਰੇ ਜੋ ਜਾਣਕਾਰੀ ਤੁਹਾਡੇ ਕੋਲ ਹੈ ਮੈਨੂੰ ਭੇਜ ਦਿਓ। ਮੈਂ ਅਜਿਹਾ ਕਰਨ ਲਈ ਸਹਿਮਤ ਹੁੰਦਿਆਂ ਕਿਹਾ ਕਿ ਮੋਟੀ ਜਿਹੀ ਗੱਲ ਇਹ ਹੈ ਕਿ ਪਹਿਲੇ ਸਮਿਆਂ ਵਿਚ ਜਦ ਇਸ ਨੂੰ ਗੁਰੂ-ਛੋਹ ਪ੍ਰਾਪਤ ਹੋਈ ਤਾਂ ਇਹ ਇਕ ਨਿਰਮਲ ਜਲਧਾਰਾ ਸੀ। ਪਰ ਜਦ ਦੀ ਸਨਅਤੀ ਤਰੱਕੀ ਹੋਈ, ਸਾਡੀ ਅਧੁਨਿਕਤਾ ਦੀ ਛੋਹ ਨਾਲ ਇਹ ਜ਼ਹਿਰੀਲਾ ਹੋ ਗਿਆ। ਇਸ ਵਾਕ ਨਾਲ ਕੋਲ ਬੈਠੇ ਸ. ਅਮਰਜੀਤ ਸਿੰਘ ਭੁਰਜੀ, ਹੋਰ ਦੋਸਤ ਅਤੇ ਮੇਰੀ ਪਤਨੀ ਬਲਵੀਰ ਬਹੁਤ ਪ੍ਰਭਾਵਤ ਹੋਏ। ਸਭ ਨੇ ਕਿਹਾ ਕਿ ਇਸ ਬਾਰੇ ਮੈਨੂੰ ਆਪ ਨਾਟਕ ਲਿਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਤਕਰੀਬਨ ਇਕ ਹਫ਼ਤਾ

ਲਗਾ ਕੇ ਵਿਸ਼ੇ ਸਬੰਧੀ ਜਾਣਕਾਰੀ ਨੂੰ ਨਾਟਕੀ ਰੂਪ ਵਿਚ ਢਾਲਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਪੰਜ ਕੁ ਦਿਨਾਂ ਲਈ ਰਾਜਸਥਾਨ ਜਾਣਾ ਹੋਇਆ। ਇਸ ਨਾਲ ਇਕ ਰਾਜਸਥਾਨੀ ਪਾਤਰ ਨਾਟਕ ਦਾ ਹਿੱਸਾ ਬਣਿਆਂ। ਉਸ ਦੇ ਸੰਵਾਦ ਨੂੰ ਰਾਜਥਾਨੀ ਵਿਚ ਉਲਥਾਉਣ ਲਈ ਪੰਜਾਬ-ਰਾਜਸਥਾਨ ਬਾਰਡਰ 'ਤੇ ਅਬੋਹਰ ਦੇ ਇਲਾਕੇ 'ਚ ਰਹਿੰਦੇ ਆਪਣੇ ਦੋਸਤ ਰਜਿੰਦਰ ਸਿੰਘ ਤੋਂ ਸਹਾਇਤਾ ਮੰਗੀ ਤਾਂ ਉਸ ਦੱਸਿਆ ਕਿ ਇਸ ਕੰਮ ਵਿਚ ਸਾਡਾ ਸ਼ਹਿਦ ਦੀਆਂ ਮੱਖੀਆਂ ਪਾਲਣ ਵਾਲਾ ਦੋਸਤ ਕਾਲੂ ਰਾਮ ਮੱਦਦ ਕਰ ਸਕਦਾ ਹੈ ਪਰ ਉਸ ਨਾਲ ਕੁਝ ਮਹੀਨੇ ਪਹਿਲਾਂ ਬੜਾ ਦੁਖਾਂਤ ਵਾਪਰਿਆ ਕਿ ਰਾਜਸਥਾਨ ਨਹਿਰ ਦੇ ਪ੍ਰਦੂਸ਼ਤ ਪਾਣੀ ਕਾਰਨ ਉਸਦੀਆਂ ਸੈਂਕੜੇ ਬਕਸੇ ਮੱਖੀਆਂ ਮਰ ਗਈਆਂ। ਇੰਜ ਕਾਲੂ ਰਾਮ ਦਾ ਦੁਖਾਂਤ ਵੀ ਨਾਟਕ ਦਾ ਹਿੱਸਾ ਬਣ ਗਿਆ।

ਸਾਡੇ ਦੋਸਤ ਗੁਰਪ੍ਰੀਤ ਸਿੰਘ ਚੰਦਬਾਜਾ ਮਾਲਵੇ ਖੇਤਰ ਵਿਚ ਪਾਣੀ ਦੇ ਪ੍ਰਦੂਸ਼ਨ ਤੋਂ ਪ੍ਰਭਾਵਤ ਲੋਕਾਂ ਦੀ ਆਵਾਜ਼ ਬਹੁਤ ਜ਼ੋਰਦਾਰ ਢੰਗ ਨਾਲ ਉਠਾ ਰਹੇ ਹਨ। ਉਹਨਾਂ ਦੀ ਇਕ ਵੀਡੀਓ ਵਿਚ ਬੁੱਢੇ ਦਰਿਆ ਦੇ ਪ੍ਰਦੂਸ਼ਨ ਤੋਂ ਪ੍ਰਭਾਵਤ ਪਿੰਡਾਂ ਦੇ ਬੱਚਿਆਂ ਦੇ ਦੁਖਾਂਤ ਬਾਰੇ ਦੇਖੀ। ਇਸ ਵਿੱਚੋਂ ਇਕ ਅਧਿਆਪਕ ਦੇ ਮੂੰਹੋਂ ਕਈ ਤੱਥ ਸੁਣੇ। ਉਹ ਤੱਥ ਵੀ ਇਸ ਨਾਟਕ ਦਾ ਹਿੱਸਾ ਬਣ ਗਏ। ਇਸ ਤਰ੍ਹਾਂ ਤਿਆਰ ਹੋਇਆ ਪਹਿਲਾ ਖਰੜਾ ਕੇਵਲ ਧਾਲੀਵਾਲ ਜੀ ਦੇ ਨਾਲ ਨਾਲ ਡਾ. ਆਤਮਜੀਤ, ਰਾਣਾ ਰਣਬੀਰ ਅਤੇ ਡਾ. ਸੁਰਜੀਤ ਸਿੰਘ ਨੂੰ ਭੇਜਿਆ ਅਤੇ ਸ. ਅਮਰਜੀਤ ਸਿੰਘ ਗਰੇਵਾਲ ਜੀ ਨੂੰ ਸੁਣਾਇਆ। ਸਾਰਿਆਂ ਨੇ ਸਲਾਹੁਣ ਦੇ ਨਾਲ-ਨਾਲ ਆਪਣੀਆਂ ਮੁੱਲਵਾਨ ਸਲਾਹਾਂ ਵੀ ਦਿੱਤੀਆਂ। ਇਹਨਾਂ ਸਲਾਹਾਂ ਦੀ ਆਪਣੀ ਸਮਰੱਥਾ ਮੁਜਬ ਪਾਲਣਾ ਕਰਕੇ ਇਸ ਦਾ ਦੂਜਾ ਖਰੜਾ ਤਿਆਰ ਕਰਕੇ ਧਾਲੀਵਾਲ ਜੀ ਨੂੰ ਮੰਚਨ ਦੀ ਤਿਆਰੀ ਹਿੱਤ ਭੇਜ ਦਿੱਤਾ। ਆਰੰਭ ਵਾਲਾ ਗੀਤ ਬਾਅਦ ਵਿੱਚ ਲਿਖਿਆ।

ਧਾਲੀਵਾਲ ਜੀ ਦੀ ਅਗਵਾਈ ਹੇਠ ਮੰਚ ਰੰਗਮੰਚ, ਅੰਮ੍ਰਿਤਸਰ ਦੀ ਟੀਮ ਨੇ ਇਹ ਨਾਟਕ ਖੁੱਲ੍ਹੇ ਮੈਦਾਨ ਵਿਚ ਹਜ਼ਾਰਾਂ ਦਰਸ਼ਕਾਂ ਸਾਹਮਣੇ ਪੇਸ਼ ਕਰਨ ਦੇ ਹਿਸਾਬ ਨਾਲ ਤਿਆਰ ਕੀਤਾ। ਪਰ ਸੰਮੇਲਨ ਤੋਂ ਪਹਿਲਾਂ 24 ਜਨਵਰੀ 2019 ਨੂੰ ਇਸ ਦਾ ਪਹਿਲਾ ਸ਼ੋਅ ਲੁਧਿਆਣੇ ਦੇ ਗੁਰੂ ਨਾਨਕ ਦੇਵ ਭਵਨ ਦੇ ਵੱਡੇ ਹਾਲ ਵਿਚ ਲਗਪਗ 700 ਦਰਸ਼ਕਾਂ ਦੇ ਸਨਮੁਖ ਹੋਇਆ। ਧਾਲੀਵਾਲ ਜੀ ਨੇ ਇਸ ਦੀ ਪੇਸ਼ਕਾਰੀ ਵਿਚ ਜੋ ਜੁਗਤਾਂ ਵਰਤੀਆਂ

ਉਹਨਾਂ ਵਿਚੋਂ ਕਈ ਮੇਰੀ ਸੋਚ ਸੀਮਾ ਤੋਂ ਪਰੇ ਸਨ। ਨਾਟਕ ਬਹੁਤ ਸਫ਼ਲ ਰਿਹਾ।ਕੇਂਦਰੀ ਯੂਨੀਵਰਸਿਟੀ ਬਠਿੰਡਾ ਦੇ ਚਾਂਸਲਰ ਡਾ. ਸਰਦਾਰਾ ਸਿੰਘ ਜੌਹਲ, ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਡਾ. ਸੁਰਜੀਤ ਪਾਤਰ, ਪ੍ਰਸਿੱਧ ਚਿੰਤਕ ਸ. ਅਮਰਜੀਤ ਸਿੰਘ ਗਰੇਵਾਲ ਅਤੇ ਪੰਜਾਬ ਸਰਕਾਰ ਦੇ ਆਹਲਾ ਅਫ਼ਸਰ ਸ. ਕਾਹਨ ਸਿੰਘ ਪੰਨੂੰ ਅਤੇ ਪੰਜਾਬ ਯੂਨੀਵਰਸਿਟੀ ਦੇ ਡਾਇਰੈਕਟਰ, ਯੁਵਕ ਭਲਾਈ, ਡਾ. ਨਿਰਮਲ ਜੌੜਾ ਸਮੇਤ ਸਾਰੇ ਦਰਸ਼ਕਾਂ ਨੇ ਭਰਵੀਂ ਪ੍ਰਸੰਸਾ ਕੀਤੀ। ਮੇਰੇ ਲਈ ਇਹ ਨਵਾਂ ਅਨੁਭਵ ਸੀ ਕਿ ਨਾਟਕ ਲੇਖਕ ਆਪਣੇ ਲਿਖੇ ਸੰਵਾਦਾਂ ਨੂੰ ਮੰਚ 'ਤੇ ਪਾਤਰਾਂ ਦੇ ਮੂੰਹੋਂ ਸੁਣ ਕੇ ਵਾਰ ਵਾਰ ਰੋ ਸਕਦਾ ਹੈ।

ਦੂਸਰਾ ਸ਼ੋਅ ਬੁੱਢੇ ਦਰਿਆ ਦੇ ਕਿਨਾਰੇ 27 ਜਨਵਰੀ, 2019 ਨੂੰ ਹੋਇਆ। ਨਾਮਧਾਰੀ ਸਤਿਗੁਰੂ ਉਦੇ ਸਿੰਘ, ਸ਼੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ, ਭਾਰਤ ਦੇ ਸਾਬਕਾ ਫੌਜ ਮੁਖੀ ਅਤੇ ਅਰੁਣਾਚਲ ਪ੍ਰਦੇਸ਼ ਦੇ ਸਾਬਕਾ ਗਵਰਨਰ ਜਨਰਲ ਜੇ. ਜੇ. ਸਿੰਘ, ਪੰਜਾਬੀ ਸਾਹਿਤ ਅਕਾਦਮੀ ਦੇ ਜਨਰਲ ਸਕੱਤਰ ਡਾ. ਸੁਰਜੀਤ ਸਿੰਘ ਅਤੇ ਪੰਜਾਬੀ ਅਕਾਦਮੀ ਦਿੱਲੀ ਦੇ ਸਕੱਤਰ ਸ. ਗੁਰਭੇਜ ਸਿੰਘ ਗੋਰਾਇਆ ਸਮੇਤ ਕਈ ਹਜ਼ਾਰ ਦਰਸ਼ਕਾਂ ਨੇ ਇਸ ਨੂੰ ਮਾਣਿਆ ਅਤੇ ਕੋਈ ਅੱਖ ਨਮ ਹੋਏ ਬਿਨਾਂ ਨਹੀਂ ਰਹੀ। ਇਹ ਪੇਸ਼ਕਾਰੀ ਪਹਿਲੇ ਸ਼ੋਅ ਨਾਲੋਂ ਵੀ ਵਧੇਰੇ ਪ੍ਰਭਾਵਸ਼ਾਲੀ ਸੀ। ਸਮਾਪਤੀ ’ਤੇ ਸਭ ਨੇ ਖੜ੍ਹੇ ਹੋ ਕੇ ਦੋ ਮਿੰਟ ਤੋਂ ਵੱਧ ਸਮਾਂ ਤਾੜੀਆਂ ਮਾਰ ਕੇ ਨਾਟਕ ਦੀ ਪ੍ਰਸੰਸਾ ਕੀਤੀ।

ਬੁੱਢੇ ਦਰਿਆ ਦੀ ਪੁਨਰ ਸੁਰਜੀਤੀ ਦੀ ਮੁਹਿੰਮ ਜਿਉਂ ਜਿਉਂ ਅੱਗੇ ਵਧੇਗੀ ਅਤੇ ਇਸ ਸਮੱਸਿਆ ਦੇ ਹੋਰ ਪਹਿਲੂ ਅਤੇ ਗੁੰਝਲਾਂ ਸਾਡੇ ਸਾਹਮਣੇ ਆਉਂਦੀਆਂ ਰਹਿਣਗੀਆਂ। ਇਸ ਨਾਲ ਇਸ ਨਾਟਕ ਵਿਚ ਹੋਰ ਸੋਧਾਂ ਅਤੇ ਵਾਧਿਆਂ ਦੀ ਗੁੰਜਾਇਸ਼ ਬਣਦੀ ਜਾਵੇਗੀ। ਸਕੂਲਾਂ ਕਾਲਜਾਂ ਅਤੇ ਹੋਰ ਨਾਟਕੀ ਟੀਮਾਂ ਦੀ ਮੰਗ ’ਤੇ ਇਸ ਨੂੰ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। 'ਆਣ ਮਿਲੋ ਦਰੀਆਓ' ਸੰਮੇਲਨ ਦੌਰਾਨ ਹੋਰ ਬਹੁਤ ਸਾਰੇ ਚਿਤਰਕਾਰਾਂ ਦੇ ਨਾਲ ਨਾਲ ਗੁਰਪ੍ਰੀਤ ਬਠਿੰਡਾ ਨੇ ਬੁੱਢੇ ਦਰਿਆ ਦੇ ਦਰਦ ਨੂੰ ਮੌਕੇ 'ਤੇ ਰੰਗਾਂ ਨਾਲ ਪੇਸ਼ ਕੀਤਾ ਸੀ। ਉਹ ਚਿਤਰ ਵੀ ਇਸ ਸੰਮੇਲਨ ਦਾ ਹਾਸਲ ਸੀ ਜੋ ਇਸ ਨਾਟ-ਪੁਸਤਕ ਦੇ ਸਰਵਰਕ ਲਈ ਢੁੱਕਵਾਂ ਲੱਗਾ।

**- ਜਸਵੰਤ ਜ਼ਫ਼ਰ**
*1 ਫਰਵਰੀ 2019*

# ਬੁੱਢਾ ਦਰਿਆ

## ਪਾਤਰ

| | | |
|---|---|---|
| ਬੁੱਢਾ ਦਰਿਆ | : | ਕਾਲੇ ਅਤੇ ਭੂਰੇ ਲੰਮੇ ਘਸੀਟ ਹੁੰਦੇ ਚੋਗੇ ਵਾਲਾ ਬਜ਼ੁਰਗ। ਚੋਗੇ ਉਪਰ ਕਾਫੀ ਕੂੜਾ ਕਰਕਟ, ਪਲਾਸਟਿਕ ਲਿਫਾਫ਼ੇ ਤੇ ਬੋਤਲਾਂ ਆਦਿ ਲੱਗੇ ਹੋਏ ਹਨ। |
| ਪਹਿਲਾ | : | ਪਹਿਲਾਂ ਖੁੱਲ੍ਹੀ ਦਾਹੜੀ, ਕੁੜਤੇ-ਪਜਾਮੇ ਅਤੇ ਜੈਕਟ ਵਾਲਾ ਸਰਦਾਰ, ਫਿਰ ਬੰਨ੍ਹੀ ਦਾਹੜੀ ਵਾਲਾ ਸੱਤਾਵਾਨ। |
| ਦੂਸਰਾ | : | ਪਹਿਲਾਂ ਰੋਹਬਦਾਰ ਮੁੱਛਾਂ ਅਤੇ ਤਿਲਕ ਵਾਲਾ ਹਿੰਦੂ ਸਫੈਦਪੋਸ਼, ਫਿਰ ਬਿਨਾ ਮੁੱਛਾਂ ਅਤੇ ਤਿਲਕ ਤੋਂ ਮਿੱਲ ਮਾਲਕ। |
| ਤੀਸਰਾ | : | ਅਫ਼ਸਰ ਦਿਖਾਈ ਦਿੰਦਾ ਬੰਨ੍ਹੀਂ ਦਾਹੜੀ ਵਾਲਾ ਸਰਦਾਰ। |
| ਚੌਥਾ | : | ਪਹਿਲਾਂ ਅਧਿਆਪਕ ਜਾਂ ਮੁਲਾਜ਼ਮ ਜਾਪਦਾ ਮੱਧਵਰਗੀ, ਫਿਰ ਪਰਦੂਸ਼ਨ ਕੰਟਰੋਲ ਅਧਿਕਾਰੀ। |
| ਪੰਜਵਾਂ | : | ਆਮ ਜਿਹਾ ਗਰੀਬ ਆਦਮੀ। |
| ਰਾਜਸਥਾਨੀ | : | ਰਾਜਸਥਾਨੀ ਕੁੜਤੇ, ਧੋਤੀ ਤੇ ਪਗੜੀ ਵਿਚ ਅੱਧਖੜ੍ਹ ਉਮਰ ਦਾ ਪਤਲਾ ਵਿਅਕਤੀ। |
| ਅਧਿਆਪਕਾ | : | ਪੇਂਡੂ ਪ੍ਰਇਮਰੀ ਸਕੂਲ ’ਚ ਪੜਾਉਂਦੀ ਅਧਿਆਪਕਾ। |
| ਕਿਸਾਨ | : | 30-40 ਸਾਲ ਦਾ ਪੇਂਡੂ ਵਿਅਕਤੀ। |
| ਨਾਮਧਾਰੀ | : | ਸਫੈਦ ਕੁਰਤੇ, ਚੂੜੀਦਾਰ ਪਜ਼ਾਮੇ ਅਤੇ ਗੋਲ ਪਗੜੀ ਵਾਲਾ ਸਿੱਖ। |

*(ਗਾਇਨ)*

ਇਹ ਬੁੱਢੇ ਦਰਿਆ ਦੀ ਕਹਾਣੀ ਆਂ
ਇਹ ਬੁੱਢੇ ਦਰਿਆ ਦੀ ਕਹਾਣੀ ਆਂ

ਇਸ ਵਿਚ ਮਸਲਾ ਖਾਸ ਹੋਏਗਾ
ਥੋੜ੍ਹਾ ਜਿਹਾ ਇਤਿਹਾਸ ਹੋਏਗਾ
ਅਰਸ਼ਾਂ ਤੋਂ ਨਾ ਪਰੀ ਉਤਰਨੀ
ਨਾ ਕੋਈ ਰਾਜਾ ਰਾਣੀ ਆਂ
ਇਹ ਬੁੱਢੇ ਦਰਿਆ ਦੀ ਕਹਾਣੀ ਆਂ

ਜਿਸ ਦਰਿਆ ਨੇ ਸ਼ਹਿਰ ਨੂੰ ਜਾਇਆ
ਖੋਟੇ ਵਣਜਾਂ ਮਾਰ ਮੁਕਾਇਆ
ਜੋ ਵਗਦੀ ਸੀ ਨਿਰਮਲ ਧਾਰਾ
ਹੋਇਆ ਕਾਲਾ ਪਾਣੀ ਆਂ
ਇਹ ਬੁੱਢੇ ਦਰਿਆ ਦੀ ਕਹਾਣੀ ਆਂ

ਆ ਜਾਓ ਕਾਕਾ ਆ ਜਾਓ ਤਾਈ
ਥਾਓਂ ਥਾਈਂ ਬਹਿ ਜਾਓ ਭਾਈ
ਪਾਈ ਬਾਤ ਗੌਰ ਨਾਲ ਸੁਣਿਓਂ
ਮੁੜ ਕੇ ਨਾ ਦੁਹਰਾਣੀ ਆਂ
ਇਹ ਬੁੱਢੇ ਦਰਿਆ ਦੀ ਕਹਾਣੀ ਆਂ

ਕਿਸੇ ਦੇ ਲੱਗੇ ਗੋਡੇ ਗਿੱਟੇ
ਭਾਵੇਂ ਕੋਈ ਘਰ ਜਾ ਕੇ ਪਿੱਟੇ

ਕਰਨੀ ਗੱਲ ਜ਼ਰੂਰੀ ਹੋਈ
ਉਹ ਕਰਕੇ ਹੀ ਜਾਣੀ ਆਂ
ਇਹ ਬੁੱਢੇ ਦਰਿਆ ਦੀ ਕਹਾਣੀ ਆਂ

ਇਹ ਬੁੱਢੇ ਦਰਿਆ ਦੀ ਕਹਾਣੀ ਆਂ
ਇਹ ਬੁੱਢੇ ਦਰਿਆ ਦੀ ਕਹਾਣੀ ਆ

*(ਮੰਚ ਦੇ ਪਿਛਲੇ ਭਾਗ ਵਿਚ ਬੁੱਢਾ ਦਰਿਆ ਖੜ੍ਹਾ ਹੈ। ਅਗਲੇ ਭਾਗ ਵਿਚ ਕੁਝ ਲੋਕ ਮੋਬਾਈਲ ਫੋਨ ਚੁੱਕੀ ਇਧਰ ਓਧਰ ਘੁੰਮ ਰਹੇ ਹਨ। ਕੰਮੀਂ ਕਾਰੀਂ ਰੁੱਝੇ ਹੋਣ ਦਾ ਅਭਿਨੈ ਕਰ ਰਹੇ ਹਨ। ਇਕ ਦੇ ਫੋਨ ਦੀ ਘੰਟੀ ਵੱਜਦੀ ਹੈ। ਉਹ ਅਣਜਾਣ ਨੰਬਰ ਦੇਖ ਕੇ ਖਿਝਦਾ ਅਤੇ ਫੋਨ ਕੱਟ ਦਿੰਦਾ ਹੈ। ਇਹੀ ਕਿਰਿਆ ਸਾਰੇ ਦੁਹਰਾਉਂਦੇ ਹਨ। ਫਿਰ ਪਹਿਲੇ ਦੀ ਘੰਟੀ ਵੱਜਦੀ ਹੈ।)*

*ਪਹਿਲਾ* : ਹੈਲੋ।

ਬੁੱਢਾ ਦਰਿਆ : ਹੈਲੋ ਮੈਂ ਬੁੱਢਾ ਦਰਿਆ ਬੋਲਦਾਂ।

ਪਹਿਲਾ : ਸੌਰੀ ਰੌਂਗ ਨੰਬਰ ।

*(ਫੋਨ ਕੱਟ ਦਿੰਦਾ ਹੈ, ਦੂਸਰੇ ਦੇ ਫੋਨ ਦੀ ਘੰਟੀ ਵੱਜਦੀ ਹੈ)*

ਦੂਸਰਾ : ਹੈਲੋ

ਬੁੱਢਾ ਦਰਿਆ : ਹੈਲੋ ਬੇਟਾ, ਮੈਂ ਬੁੱਢਾ ਦਰਿਆ ਬੋਲਦਾਂ।

*(ਦੂਸਰਾ ਬਿਨਾਂ ਜੁਆਬ ਦਿੱਤੇ ਨਫ਼ਰਤ ਨਾਲ ਫੋਨ ਕੱਟ ਦਿੰਦਾ ਹੈ। ਤੀਸਰੇ ਦੇ ਫੋਨ ਦੀ ਘੰਟੀ ਵੱਜਦੀ ਹੈ)*

ਤੀਸਰਾ : ਹਾਂ ਜੀ ਦੱਸੋ?

ਬੁੱਢਾ ਦਰਿਆ : ਮੈਂ ਬੁੱਢਾ ਦਰਿਆ ਬੋਲਦਾਂ ਬੇਟਾ।

ਤੀਸਰਾ : ਟਾਈਮ ਹੈ ਨਹੀਂ ਬਾਬਾ।

*(ਫੋਨ ਕੱਟ ਦਿੰਦਾ ਹੈ। ਚੌਥੇ ਦੀ ਘੰਟੀ ਵੱਜਦੀ ਹੈ)*

ਚੌਥਾ : *(ਖਿਝ ਕੇ)* ਹਾਂ ਜੀ ਬੋਲੋ।

ਬੁੱਢਾ ਦਰਿਆ : ਮੈਂ ਬੁੱਢਾ ਦਰਿਆ ਬੋਲ ਰਿਹਾਂ ਬੇਟਾ।

ਚੌਥਾ : ਮੈਂ ਕੀ ਕਰਾਂ ਫੇਰ, ਬੋਲੀ ਜਾਹ ।

*(ਫੋਨ ਕੱਟ ਦਿੰਦਾ ਹੈ। ਪੰਜਵੇਂ ਦੀ ਘੰਟੀ ਵੱਜਦੀ ਹੈ)*

ਬੁੱਢਾ ਦਰਿਆ : ਮੈਂ ਬੋਲਦਾਂ ਪੁੱਤਰ, ਬੁੱਢਾ ਦਰਿਆ।

ਪੰਜਵਾਂ : ਪਰ੍ਹਾਂ ਮਰ *(ਫੋਨ ਕੱਟ ਦਿੰਦਾ ਹੈ)*

ਬੁੱਢਾ ਦਰਿਆ : *(ਪਹਿਲਾਂ ਨਾਲੋਂ ਉੱਚੀ, ਜਿਸ ਨੂੰ ਸਾਰੇ ਸੁਣਦੇ ਹਨ)* ਮੈਨੂੰ ਮਰੇ ਹੋਏ ਨੂੰ ਪਰ੍ਹਾਂ ਮਰ ਕਹਿਣ ਦੀ ਲੋੜ ਨਹੀਂ। ਮੈਂ ਪਹਿਲਾਂ ਹੀ ਮਰਿਆ ਹੋਇਆ ਹਾਂ। ਮਰਿਆ ਹੋਇਆ ਬੁੱਢਾ ਦਰਿਆ ਬੋਲ ਰਿਹਾਂ।

ਪਹਿਲਾ : ਓਏ ਤੂੰ ਮਰ ਕੇ ਵੀ ਬੋਲੀ ਜਾਨਾਂ?

ਬੁੱਢਾ ਦਰਿਆ : ਹਾਂ ਮੈਂ ਮਰ ਕੇ ਵੀ ਬੋਲਦਾ ਹਾਂ।

ਦੂਜਾ : ਭਲਾ ਕੋਈ ਮਰ ਕੇ ਵੀ ਬੋਲਦਾ ਹੁੰਦਾ?

ਬੁੱਢਾ ਦਰਿਆ : ਹਾਂ ਬੋਲਦਾ ਹੁੰਦਾ।

ਤੀਜਾ : ਪਹਿਲੀ ਵਾਰ ਸੁਣਿਆਂ ਕਿ ਮੁਰਦੇ ਬੋਲਦੇ ਹੁੰਦੇ ਆ।

ਬੁੱਢਾ ਦਰਿਆ : ਬੋਲਦੇ ਹੁੰਦੇ ਆ ਪਰ ਜੇ ਕਿਸੇ ਨੂੰ ਸੁਣਨੇ ਆਉਂਦੇ ਹੋਣ।

ਚੌਥਾ : ਕਿਵੇਂ ਸੁਣੀਦਾ ਮਰ ਚੁੱਕਿਆਂ ਨੂੰ?

ਬੁੱਢਾ ਦਰਿਆ : ਇਤਿਹਾਸ ਮਰ ਚੁੱਕਿਆਂ ਦੀ ਆਵਾਜ਼ ਹੁੰਦਾ।

ਪੰਜਵਾਂ : ਸਾਡੀ ਇਤਿਹਾਸ ਵਿਚ ਕੋਈ ਦਿਲਚਸਪੀ ਨਹੀਂ।

ਪਹਿਲਾ : ਹੁਣ ਆਈ. ਟੀ. ਦਾ ਜ਼ਮਾਨਾ ਹੈ, ਇਤਿਹਾਸ ਦਾ ਨਹੀਂ।

ਦੂਸਰਾ : ਆਈ ਹੇਟ ਹਿਸਟਰੀ।

ਤੀਸਰਾ : ਮਸੀਂ ਪੇਪਰ ਪਾਸ ਕਰੀਦਾ ਸੀ ਹਿਸਟਰੀ ਦਾ।

ਚੌਥਾ : ਰੱਟੇ ਲਾਈ ਜਾਓ।

ਪੰਜਵਾਂ : ਰਾਤ ਨੂੰ ਰੱਟਾ ਲਾਇਆ, ਸਵੇਰੇ ਸਭ ਛੂ-ਮੰਤਰ।

ਬੁੱਢਾ ਦਰਿਆ : ਇਤਿਹਾਸ ਰੱਟੇ ਲਾ ਕੇ ਪੇਪਰ ਪਾਸ ਕਰਨ ਲਈ ਨਹੀਂ ਹੁੰਦਾ। ਇਤਹਾਸ ਤਾਂ ਸ਼ੀਸ਼ਾ ਹੁੰਦਾ ਜਿਸ ਵਿਚ ਆਪਣੇ ਵਰਤਮਾਨ ਦਾ ਮੂੰਹ ਦੇਖੀਦਾ ਹੈ। ਜੋ ਇਸ ਸ਼ੀਸ਼ੇ ਵਿਚ ਦੇਖ ਕੇ ਆਪਣਾ ਮੂੰਹ ਧੋਂਦੇ ਰਹਿਣ, ਉਹਨਾਂ ਦੇ ਮੁੱਖ ਸੁਹਾਵੇ ਹੁੰਦੇ, ਦਰਸ਼ਨੀ ਹੁੰਦੇ। ਜੋ ਇਸ ਵਿਚ ਆਪਣਾ ਮੂੰਹ ਦੇਖਣ ਤੋਂ ਇਨਕਾਰੀ ਹੋ ਜਾਣ,ਉਹਨਾਂ ਦੇ ਮੂੰਹ ਬੂਥੀਆਂ ਬਣ ਜਾਂਦੇ, ਕੋੜੀਆਂ ਸੜੀਆਂ ਬੂਥੀਆਂ। ਵਰਤ ਉਹਨਾਂ ਦੇ ਮੂੰਹ 'ਤੇ ਥੁੱਕਣਾ ਵੀ ਪਸੰਦ ਨਹੀਂ ਕਰਦਾ। ਨਾਲੇ ਇਤਿਹਾਸ ਦੱਸਦਾ ਹੁੰਦਾ ਕਿ ਤੁਸੀਂ ਕਿਥੋਂ ਆਏ ਹੋ ਅਤੇ ਕਿਵੇਂ ਆਏ ਹੋ? ਜਿਹਨਾਂ ਨੂੰ ਆਏ ਹੋਣ ਦਾ ਨਾ ਪਤਾ ਹੋਵੇ ਉਹਨਾਂ ਨੂੰ ਇਹ ਵੀ ਨਹੀਂ ਪਤਾ ਲਗਦਾ ਕਿ ਕਿਧਰ ਨੂੰ ਜਾਣਾ ਹੈ।

ਪੰਜਵਾਂ : ਬਾਕੀਆਂ ਦਾ ਪਤਾ ਨਹੀਂ ਮੈਂ ਤਾਂ ਕਿਤੇ ਨਹੀਂ ਜਾਣਾ। ਇਤਿਹਾਸ ਪੜ੍ਹ ਕੇ ਵੀ ਇਥੇ ਹੀ ਖੋਰੀ ਖੋਤਣੀ ਤੇ ਟੋਕਰੀ ਢੋਣੀ ਹੈ।

ਪਹਿਲਾ : ਇਹ ਜਿਹੜੇ ਪੁਜਾਰੀ ਪਾਠੀ ਪੰਡਤ ਭਾਈ ਚੋਗਿਆਂ ਵਾਲੇ ਇਤਿਹਾਸ ਸੁਣਾਉਂਦੇ ਉਸ ਵਿਚ ਮੇਰੀ ਕੋਈ ਦਿਲਚਸਪੀ ਨਹੀਂ।

ਦੂਸਰਾ : ਟੋਟਲੀ ਇਰਰੈਲੇਵੇਂਟ।

ਤੀਸਰਾ : ਨਾਨ ਸੈਂਸ ਕਰਾਮਾਤੀ ਕਹਾਣੀਆਂ।

ਚੌਥਾ : ਇਲਲੌਜੀਕਲ ਤੇ ਅੰਨਸਇੰਟਿਫਿਕ।

ਪੰਜਵਾਂ : ਨਿਰੇ ਗੱਪ ਗਪੌੜ। ਜੀਅ ਲਾਉਣ ਨੂੰ ਵਧੀਆ।

ਬੁੱਢਾ ਦਰਿਆ : ਜਿਹਨਾਂ ਨੂੰ ਸੱਚ ਨਾਲ ਲਗਾਓ ਨਾ ਹੋਵੇ, ਸੱਚ ਨੂੰ ਪਿਆਰ ਨਾ ਕਰਦੇ ਹੋਣ, ਸੱਚ ਉਹਨਾਂ ਤੋਂ ਦੂਰ ਰਹਿੰਦਾ। ਸੱਚ ਦੀ ਕਦਰ ਨਾ ਕਰਨ ਵਾਲਿਆਂ ਦੇ ਝੂਠ ਪੇਸ਼ ਪਿਆ ਰਹਿੰਦਾ। ਉਹਨਾਂ ਦੀ ਮੱਤ 'ਤੇ ਅੰਧ ਵਿਸ਼ਵਾਸਾਂ ਦੀ ਪਰਤ ਚੜ੍ਹ ਜਾਂਦੀ। ਗੱਪਾਂ ਗਪੌੜਾਂ ਇਤਿਹਾਸ ਅਖਵਾਉਣ ਲੱਗ ਜਾਂਦੀਆਂ। ਗੱਪਾਂ ਗਪੌੜਾਂ ਮਾਰਨ ਵਾਲੇ ਧਰਮ ਪ੍ਰਚਾਰਕ ਬਣ ਜਾਂਦੇ। ਸੱਚ ਦੇ ਅਭਿਲਾਸ਼ੀ ਬਣੋ, ਆਪਣੇ ਇਤਿਹਾਸ ਨੂੰ ਜਾਣੋ।

ਪਹਿਲਾ : ਕਿਹੜੇ ਸੱਚ ਦੇ ਅਭਿਲਾਖੀ ਬਣੀਏਂ?

ਦੂਸਰਾ : ਕਿਹੜੇ ਇਤਿਹਾਸ ਨੂੰ ਜਾਣੀਏਂ?

ਤੀਸਰਾ : ਤੂੰ ਕਿਹੜਾ ਸੱਚ ਦੱਸਣਾਂ ਚਾਹੁੰਦਾਂ?

ਚੌਥਾ : ਕਿਹੜਾ ਇਤਿਹਾਸ ਸੁਣਾਉਣਾ ਚਾਹੁੰਦੈਂ ਸਾਨੂੰ?

ਪੰਜਵਾਂ : ਚਲੋ ਸੁਣਾਓ ਜਨਾਬ, ਰੋਜ਼ ਦੀ ਡਿਸਟਰਬੈਂਸ ਮੁੱਕੇ।

ਬੁੱਢਾ ਦਰਿਆ : ਮੈਨੂੰ ਸੁਣ ਲੈਣ ਨਾਲ ਤੁਹਾਡੀ ਡਿਸਟਰਬੈਂਸ ਮੁੱਕਣੀ ਨਹੀਂ, ਬਹੁਤ ਵੱਧ ਜਾਣੀ ਹੈ।

ਪਹਿਲਾ : ਫੇਰ ਰਹਿਣ ਦਿਓ।

ਬੁੱਢਾ ਦਰਿਆ : ਰਹਿਣ ਦੇਣ ਨਾਲ ਵੀ ਤੁਹਾਡਾ ਖਹਿੜਾ ਨਹੀਂ ਛੁੱਟਣਾ। ਅੱਖਾਂ ਮੀਟਣ ਨਾਲ ਬਿੱਲੀ ਅਲੋਪ ਨਹੀਂ ਹੋ ਸਕਦੀ ਕਬੂਤਰੋ।

ਦੂਸਰਾ : ਫੇਰ ਕੀ ਕਰੀਏ?

ਤੀਸਰਾ : ਸੱਚ ਨੂੰ, ਇਤਿਹਾਸ ਨੂੰ ਜਾਣੋ, ਉਹਦਾ ਸਾਹਮਣਾ

ਕਰੋ, ਸਥਿਤੀ ਨੂੰ ਡੀਲ ਕਰੋ।

ਚੌਥਾ : ਫੇਰ

ਬੁੱਢਾ ਦਰਿਆ : ਉਸ ਵਿਚੋਂ ਆਪਣੀ ਸੂਰਤ ਦੇਖੋ, ਆਪਣੀ ਕਰਤੂਤ ਦੇਖੋ, ਆਪਣਾ ਰਵੱਈਆ ਦੇਖੋ, ਆਪਣਾ ਵਿਹਾਰ ਦੇਖੋ।

ਪੰਜਵਾਂ : ਚੱਲੋ ਦੱਸੋ, ਆਖਰ ਕਿਹੜਾ ਸੱਚ ਤੇ ਕਿਹੜਾ ਇਤਿਹਾਸ ਦੱਸਣਾਂ?

ਬੁੱਢਾ ਦਰਿਆ : ਮੈਂ ਸੁਣਾਉਣਾ ਚਾਹੁੰਦਾ ਤੁਹਾਡਾ ਆਦਿ ਸੱਚ ਜਾਣੀ ਆਰੰਭਲੀ ਸਚਾਈ, ਤੁਹਾਡਾ ਜੁਗਾਦਿ ਸੱਚ ਜਾਣੀ ਹੁਣ ਤੱਕ ਚਲੀ ਆਉਂਦੀ ਸਚਾਈ, ਫਿਰ ਹੁਣ ਦਾ ਸੱਚ ਜਾਣੀ ਅੱਜ ਕੱਲ੍ਹ ਦੀ ਸਚਾਈ ਅਤੇ ਫੇਰ ਹੋਣ ਵਾਲਾ ਸੱਚ ਜਾਣੀ ਤੁਹਾਡੇ ਨਾਲ ਵਾਪਰਨ ਵਾਲਾ ਸੱਚ। ਤੁਹਾਨੂੰ ਸੁਣਾਉਣਾ ਚਾਹੁੰਨਾਂ ਤੁਹਾਡਾ ਅਤੇ ਮੇਰਾ ਸਾਂਝਾ ਇਤਿਹਾਸ।

ਪਹਿਲਾ : ਕੀ ਹੈ ਸਾਡਾ ਆਦਿ ਸੱਚ?

ਦੂਸਰਾ : ਕਿਹੜਾ ਹੈ ਜੁਗਾਦਿ ਸੱਚ?

ਤੀਸਰਾ : ਹੁਣ ਦਾ ਸੱਚ ਕੀ ਹੈ?

ਚੌਥਾ : ਹੋਣ ਵਾਲਾ ਸੱਚ ਕਿਹੜਾ ਹੈ?

ਪੰਜਵਾਂ : ਤੇਰਾ ਸਾਡਾ ਇਤਿਹਾਸ ਕਿਵੇਂ ਸਾਂਝਾ ਹੈ?

ਬੁੱਢਾ ਦਰਿਆ : ਲਓ ਸੁਣੋ

*(ਗਾਇਨ)*

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥

ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥

ਪਹਿਲਾ : ਤੂੰ ਤਾਂ ਕਹਿੰਦਾ ਸੀ ਇਤਿਹਾਸ ਸੁਣਾਉਣਾ, ਇਹ ਤਾਂ ਬਾਣੀ ਗਾਉਣ ਲੱਗ ਪਿਐਂ।

ਬੁੱਢਾ ਦਰਿਆ : ਹਾਂ ਇਹੀ ਹੈ ਆਦਿ ਸੱਚ, ਤੁਹਾਡਾ 'ਤੇ ਮੇਰਾ ਮੁੱਢਲਾ ਇਤਿਹਾਸ। ਪਹਿਲਾਂ ਪਦਾਰਥ ਨਹੀਂ ਸੀ ਸਿਰਫ ਊਰਜਾ ਸੀ। ਇਸ ਤੋਂ ਪਵਨ ਬਣੀ। ਪਵਨ, ਹਵਾ, ਜਾਣੀ ਬਹੁਤ ਗਰਮ ਗੈਸਾਂ। ਗੈਸਾਂ ਦੀ ਆਪਸ ਵਿਚ ਰਸਾਇਣਕ ਕਿਰਿਆ ਨਾਲ ਪਾਣੀ ਬਣਿਆਂ। ਹਾਈਡਰੋਜ਼ਨ ਤੇ ਆਕਸੀਜਨ ਦੇ ਮੇਲ ਨਾਲ ਬਣਿਆਂ ਹੈ ਪਾਣੀ।

ਦੂਸਰਾ : ਲੈ ਹੁਣ ਕੈਮਿਸਟਰੀ ਪੜ੍ਹਾਉਣ ਲੱਗ ਪਿਆ।

ਬੁੱਢਾ ਦਰਿਆ : ਪਾਣੀ ਹੋਣ ਨਾਲ ਸਾਰੀ ਬਨਸਪਤੀ ਹੋਂਦ ਵਿਚ ਆਈ। ਪਾਣੀ ਵਿਚ ਜੀਵ ਜੰਤੂ ਪੈਦਾ ਹੋਏ, ਧਰਤੀ 'ਤੇ ਜੀਵਾਂ ਦਾ ਵਿਕਾਸ ਹੋਇਆ।

ਤੀਸਰਾ : ਇਹ ਤਾਂ ਗੱਲ ਬੌਟਨੀ ਜ਼ੌਲੋਜੀ ਵੱਲ ਨੂੰ ਤੋਰ ਲਈ।

ਬੁੱਢਾ ਦਰਿਆ : ਇਤਿਹਾਸ, ਦਰਸ਼ਨ, ਧਰਮ, ਸਾਇੰਸ ਤੇ ਹੋਰ ਸਾਰੇ ਸੱਚ ਇਕੱਠੇ ਹਨ, ਇਕੋ ਹੀ ਹਨ, ਤੁਹਾਡੀ ਧੰਦੇਬਾਜੀ ਨੇ ਇਹਨਾਂ ਨੂੰ ਅਲੱਗ ਅਲੱਗ ਕੀਤਾ ਹੋਇਆ। ਆਪੋ ਆਪਣੀਆਂ ਬਸਤੀਆਂ, ਆਪੋ ਆਪਣੇ ਧੰਦੇ, ਆਪੋ ਆਪਣੀਆਂ ਦੁਕਾਨਾਂ ਬਣਾਈਆਂ ਹੋਈਆਂ ਤੁਸੀਂ।

ਚੌਥਾ : ਪਰ ਤੇਰਾ ਸਾਡਾ ਇਤਿਹਾਸ ਕਿਵੇਂ ਸਾਂਝਾ ਹੋਇਆ?

*(ਗਾਇਨ)*

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥
ਜਲ ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ॥

ਬੁੱਢਾ ਦਰਿਆ : ਜਾਣੀ ਕਿ ਪਾਣੀ ਕਾਰਨ ਸਾਰੇ ਜੀਵ ਪੈਦਾ ਹੋਏ।

ਪਾਣੀ ਜੀਵਾਂ ਦਾ ਪਿਓ ਹੈ। ਪਿਓ ਅਤੇ ਔਲਾਦ 'ਚ ਕੀ ਸਾਂਝ ਹੁੰਦੀ ਏ, ਇਹ ਤਾਂ ਪਤਾ ਹੀ ਹੋਣਾ।

*(ਗਾਇਨ)*

ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ॥

ਗੁਰ ਪਰਸਾਦੀ ਕੋ ਵਿਰਲਾ ਬੂਝੈ ਸੋ ਜਨੁ ਮੁਕਤੁ ਸਦਾ ਹੋਇ॥

ਬੁੱਢਾ ਦਰਿਆ : ਵੈਸੇ ਇਹ ਰੱਟਾ ਤਾਂ ਤੁਹਾਨੂੰ ਸਾਰਿਆਂ ਨੂੰ ਬਥੇਰਾ ਲੱਗਾ ਹੋਇਆ ਕਿ

*(ਗਾਇਨ)*

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਬੁੱਢਾ ਦਰਿਆ : ਇਹੀ ਹੈ ਆਦਿ ਸੱਚ, ਜਾਣੀ ਤੁਹਾਡਾ ਮੇਰਾ ਮੁਢਲਾ ਸਾਂਝਾ ਇਤਿਹਾਸ।

ਪਹਿਲਾ : ਵਾਹ, ਗੁਰਬਾਣੀ ਕਿੰਨੀ ਮਹਾਨ ਹੈ। ਇਸ 'ਚ ਹਰ ਤਰ੍ਹਾਂ ਦਾ ਗਿਆਨ ਹੈ।

ਤੀਸਰਾ : ਬਿਲਕੁਲ ਵਿਗਿਆਨਕ ਗੱਲਾਂ ਸਮਝਾਈਆਂ ਹਨ।

ਦੂਸਰਾ : ਜੇ ਸਮਝਾਈਆਂ ਹਨ ਤਾਂ ਫਿਰ ਸਮਝਿਆ ਵੀ ਕਰੋ। ਧਿਆਨ ਨਾਲ ਪੜ੍ਹਿਆਂ ਵੀ ਕਰੋ।

ਪਹਿਲਾ : *(ਦੂਸਰੇ ਨੂੰ)* ਤੂੰ ਤਾਂ ਗੀਤਾ ਬੜੇ ਧਿਆਨ ਨਾਲ ਪੜ੍ਹੀ ਏ।

ਚੌਥਾ : ਇਹਨਾਂ ਨੂੰ ਛੱਡੋ, ਤੁਸੀਂ ਦੱਸੋ ਜੁਗਾਦਿ ਸੱਚ ਕਿਹੜਾ ਹੈ?

ਬੁੱਢਾ ਦਰਿਆ : ਜੀਵਨ ਉਤਪਤੀ ਤੋਂ ਬਾਅਦ ਹੁਣ ਤੱਕ ਦਾ ਇਤਿਹਾਸ। ਪਾਣੀ ਦੇ ਹੋਣ ਨਾਲ ਸਮੁੰਦਰ, ਬੱਦਲ, ਵਰਖਾ, ਝੀਲਾਂ, ਝਰਨੇ ਦਰਿਆ ਹੋਏ। ਦਰਿਆਵਾਂ

ਦੇ ਕਿਨਾਰਿਆਂ 'ਤੇ ਸਭਿਅਤਾਵਾਂ ਦਾ ਜਨਮ ਹੋਇਆ। ਦਰਿਆਵਾਂ ਦੇ ਕਿਨਾਰਿਆਂ 'ਤੇ ਨਗਰ ਤੇ ਸ਼ਹਿਰ ਵਸੇ। ਦਰਿਆ ਸ਼ਹਿਰਾਂ ਦੇ ਪਿਓ ਹਨ।

ਰਾਵੀ ਚੰਬੇ, ਪਠਾਨਕੋਟ ਤੇ ਲਹੌਰ ਦਾ ਪਿਓ।

ਸਤਲੁਜ ਰੋਪੜ, ਰਾਹੋਂ ਤੇ ਫਿਲੌਰ ਦਾ ਪਿਓ।

ਘੱਗਰ ਪਟਿਆਲੇ ਦਾ ਪਿਓ ਹੈ।

ਹੰਸਲੀ ਬਟਾਲੇ ਦਾ ਪਿਓ ਹੈ।

*(ਦਰਦ ਅਤੇ ਵੇਦਨਾ ਭਰੀ ਉੱਚੀ ਆਵਾਜ਼ ਵਿਚ)*

ਮੈਂ ਬੁੱਢਾ ਦਰਿਆ, ਲੁਧਿਆਣੇ ਸ਼ਹਿਰ ਦਾ ਪਿਓ ਹਾਂ ਓਏ। ਓਏ ਲੁਧਿਆਣਿਆਂ, ਤੇਰਾ ਮਰਿਆ ਹੋਇਆ ਪਿਓ ਹਾਂ ਮੈਂ ਬੁੱਢਾ ਦਰਿਆ।

*(ਸਾਰੇ ਠਠੰਬਰ ਜਾਂਦੇ ਹਨ, ਸੋਗੀ ਧੁੰਨ ਗੂੰਜਦੀ ਹੈ)*

ਪਹਿਲਾ : ਦੇਖ ਬਾਬਾ, ਜੇ ਤੂੰ ਮਰਿਆ ਹੋਇਆ ਏਂ ਤਾਂ ਅਰਾਮ ਨਾਲ ਮਰਿਆ ਰਹਿ।

ਦੂਸਰਾ : ਇਸ ਤਰ੍ਹਾਂ ਇਮੋਸ਼ਨਲ ਹੋਣ ਦੀ ਲੋੜ ਨਹੀਂ।

ਤੀਸਰਾ : ਸੈਂਟੀਮੈਨਟਲ ਨਾ ਕਰ, ਸਾਨੂੰ ਜਿਉਂਦਿਆਂ ਨੂੰ ਤਾਂ ਡਿਸਟਰਬ ਨਾ ਕਰ।

ਚੌਥਾ : ਬੁੱਢਿਆਂ ਨੇ ਬੁਢਾਪੇ ਤੋਂ ਬਾਅਦ ਮਰਨਾ ਹੀ ਹੁੰਦਾ।

ਪੰਜਵਾਂ : ਹੋਰ ਬੁਢਾਪੇ ਤੋਂ ਮਗਰੋਂ ਜਵਾਨੀ ਆਉਂਦੀ ਹੁੰਦੀ ਹੈ?

ਬੁੱਢਾ ਦਰਿਆ : ਮੈਂ ਮਰਿਆ ਨਹੀਂ, ਮਾਰਿਆ ਗਿਆ ਹਾਂ ਚੜ੍ਹਦੀ ਉਮਰੇ। ਮੈਂ ਬੁਢਾਪੇ ਕਰਕੇ ਨਹੀਂ ਮਰਿਆ। ਮੈਂ ਉਮਰੋਂ ਬੁੱਢਾ ਸੀ ਹੀ ਨਹੀਂ। ਮੈਂ ਤਾਂ ਛੋਟਾ ਨੰਨਾ ਜਿਹਾ ਦਰਿਆ ਸਾਂ। ਦਰਿਆ ਦੇ ਬੱਚੇ ਵਾਂਗ ਸਾਂ, 25-30 ਕੁ ਮੀਲ ਮੇਰੀ ਸਾਰੀ ਲੰਬਾਈ ਸੀ। ਸਤਲੁਜ ਦੀ ਦੱਖਣ ਵੱਲ ਦੀ ਵੱਖੀ ਨਾਲ ਲੱਗ ਕੇ ਖੇਡਦਾ ਸੀ।

ਕਦੇ ਉਹਦੇ ਮੋਢੇ ਤੇ ਚੜ੍ਹਦਾ, ਕਦੀ ਲੱਤ ਨੂੰ ਚਿੰਬੜਦਾ। ਬੁੱਢਾ ਤਾਂ ਮੇਰਾ ਨਾਂ ਸੀ।

ਪਹਿਲਾ : ਬੁੱਢਾ ਵੀ ਕੋਈ ਨਾਂ ਹੁੰਦਾ?

ਬੁੱਢਾ ਦਰਿਆ : ਹਾਂ ਹੁੰਦਾ।

ਦੂਸਰਾ : ਬੱਚੇ ਦਾ ਨਾਂ ਬੁੱਢਾ ਕੌਣ ਰੱਖਦਾ?

ਬੁੱਢਾ ਦਰਿਆ : ਦਰਿਆਵਾਂ ਦੇ ਨਾਂ ਹਮੇਸ਼ਾ ਰੱਖੇ ਨਹੀਂ ਜਾਂਦੇ, ਕਈ ਵਾਰ ਪੈ ਜਾਂਦੇ ਹੁੰਦੇ। ਮੇਰਾ ਨਾਂ ਰੱਖਿਆ ਨਹੀਂ ਗਿਆ, ਪੈ ਗਿਆ।

ਤੀਸਰਾ : ਕਮਾਲ ਹੈ।

ਬੁੱਢਾ ਦਰਿਆ : ਕੀ ਗੱਲ ਤੁਸੀਂ ਸੁਣਿਆਂ ਨਹੀਂ ਇਹ ਨਾਂ?

ਚੌਥਾ : ਨਾ।

ਬੁੱਢਾ ਦਰਿਆ : ਬਾਬਾ ਬੁੱਢਾ ਜੀ ਦਾ ਨਾਂ ਵੀ ਨਹੀਂ ਸੁਣਿਆਂ?

ਪਹਿਲਾ : ਓਹ ਜੈਸ

ਤੀਸਰਾ : ਉਹ ਤਾਂ ਸੁਣਿਆਂ

ਬੁੱਢਾ ਦਰਿਆ : ਕੌਣ ਸੀ ਭਲਾ ਬਾਬਾ ਬੁੱਢਾ ਜੀ?

ਪਹਿਲਾ : ਸ਼੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਮੁੱਖ ਗਰੰਥੀ ਸਨ।

ਬੁੱਢਾ ਦਰਿਆ : ਹਾਂ, ਓਸ ਹਰਿਮੰਦਰ ਦੇ ਪਹਿਲੇ ਗਰੰਥੀ, ਜੋ ਵਿਸ਼ਾਲ ਸਰੋਵਰ ਦੇ ਵਿਚਾਲੇ ਬਣਾਇਆ ਗਿਆ। ਹਰਿਮੰਦਰ ਅੰਦਰ ਨਿਰਮਲ ਬਾਣੀ, ਹਰਿਮੰਦਰ ਦੇ ਬਾਹਰ ਨਿਰਮਲ ਪਾਣੀ। ਹੋਰ ਕੀ ਜਾਣਦੇ ਬਾਬਾ ਬੁੱਢਾ ਜੀ ਬਾਰੇ?

ਪਹਿਲਾ : ਬਾਬਾ ਬੁੱਢਾ ਜੀ ਛੋਟੀ ਉਮਰ ਦੇ ਬਾਲਕ ਸਨ ਜਦੋਂ

ਗੁਰੂ ਨਾਨਕ ਪਾਤਸ਼ਾਹ ਉਹਨਾਂ ਨੂੰ ਮਿਲੇ। ਪਰ ਬੜੀਆਂ ਪਿਆਰੀਆਂ ਤੇ ਸਿਆਣੀਆਂ ਗੱਲਾਂ ਕਰਦੇ ਸਨ। ਓਸ ਗੁਰੂ ਸਾਹਿਬ ਦੀ ਦੁੱਧ ਨਾਲ ਸੇਵਾ ਕੀਤੀ। ਮਹਾਰਾਜ ਨੇ ਪਿਆਰ ਦਿੱਤਾ, ਅਸੀਸਾਂ ਦਿੱਤੀਆਂ। ਓਸ ਨੇ ਮਹਾਰਾਜ ਤੋਂ ਗਿਆਨ ਲੈਣ ਲਈ ਕਈ ਸਵਾਲ ਕੀਤੇ। ਮਹਾਰਾਜ ਬਹੁਤ ਪ੍ਰਸੰਨ ਹੋਏ। ਕਹਿਣ ਲੱਗੇ ਤੂੰ ਦੇਖਣ ਨੂੰ ਬੱਚਾ ਲੱਗਦੈਂ ਪਰ ਤੇਰੇ ਕਰਮ ਤੇ ਤੇਰੀਆਂ ਗੱਲਾਂ ਤਾਂ ਕਿਸੇ ਬਾਬੇ ਬੁੱਢੇ ਵਰਗੀਆਂ। ਸ਼ਾਇਦ ਇੰਜ ਉਹਨਾਂ ਦਾ ਨਾਂ ਬਾਬਾ ਬੁੱਢਾ ਪਿਆ ਸੀ।

*(ਤੀਸਰਾ ਸ਼ਰਧਾ ਭਾਵ ਨਾਲ ਪ੍ਰਸੰਨ ਹੁੰਦਾ ਹੈ)*

ਬੁੱਢਾ ਦਰਿਆ : ਗੁਰੂ ਘਰ ਦੇ ਸਭ ਤੋਂ ਕਰੀਬੀ ਬਣ ਗਏ ਬਾਬਾ ਬੁੱਢਾ ਜੀ। ਗੁਰੂ ਨਾਨਕ ਮਹਾਰਾਜ ਨੇ ਬਾਬਾ ਬੁੱਢਾ ਜੀ ਤੋਂ ਭਾਈ ਲਹਿਣੇ ਨੂੰ ਗੁਰ ਗੱਦੀ ਤਿਲਕ ਲਵਾ ਕੇ ਉਹਨਾਂ ਨੂੰ ਦੂਜੀ ਪਾਤਸ਼ਾਹੀ ਬਣਾਇਆ। ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਨੇ ਖਡੂਰ ਤੋਂ ਸਾਰੰਗ ਰਾਗ ਵਿਚ ਉਚਾਰਿਆ, ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।

ਤੀਸਰਾ : ਧੰਨ ਗੁਰੂ ਅੰਗਦ ਸਾਹਿਬ।

ਬੁੱਢਾ ਦਰਿਆ : ਦੂਜੀ ਪਾਤਸ਼ਾਹੀ ਨੇ ਬਾਬਾ ਬੁੱਢਾ ਜੀ ਤੋਂ ਗੁਰਿਆਈ ਤਿਲਕ ਲਗਾਇਆ ਤੀਜੀ ਪਾਤਸ਼ਾਹੀ ਨੂੰ। ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਖੇ ਲੋਕਾਈ ਦੀਆਂ ਜਲ ਜ਼ਰੂਰਤਾਂ ਦੀ ਪੂਰਤੀ ਲਈ ਬਾਉਲੀ ਖੁਦਵਾਈ।

ਪਹਿਲਾ : ਧੰਨ ਗੁਰੂ ਅਮਰਦਾਸ।

ਬੁੱਢਾ ਦਰਿਆ : ਉਹਨਾਂ ਬਾਬਾ ਬੁੱਢਾ ਜੀ ਤੋਂ ਗੁਰਿਆਈ ਤਿਲਕ ਚੌਥੀ ਪਾਤਸ਼ਾਹੀ ਨੂੰ ਲਵਾਇਆ। ਗੁਰੂ ਰਾਮਦਾਸ ਨੇ ਦਰਿਆ ਬਿਆਸ ਦੇ ਉਤਰ ਵਾਲੇ ਪਾਸੇ ਵਿਸ਼ਾਲ

ਕੁਦਰਤੀ ਜਲ ਭੰਡਾਰ ਦੁਆਲੇ ਚੱਕ ਰਾਮਦਾਸ ਨਗਰ ਵਸਾਇਆ। ਇਹ ਜਲ ਭੰਡਾਰ ਰਾਮਦਾਸ ਸਰੋਵਰ ਅਖਵਾਇਆ।

ਤੀਸਰਾ : ਧੰਨ ਗੁਰੂ ਰਾਮਦਾਸ।

ਬੁੱਢਾ ਦਰਿਆ : ਉਹਨਾਂ ਤੋਂ ਮਗਰੋਂ ਬਾਬਾ ਬੁੱਢਾ ਜੀ ਨੇ ਗੁਰਿਆਈ ਤਿਲਕ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਨੂੰ ਲਾਇਆ। ਪੰਜਵੇਂ ਪਾਤਸ਼ਾਹ ਨੇ ਵੇਲੇ ਦੀ ਅਕਬਰ ਸਰਕਾਰ ਦੇ ਸਹਿਯੋਗ ਨਾਲ ਅੰਮ੍ਰਿਤਸਰ ਦੇ ਇਲਾਕੇ ਵਿਚ ਛਿਆਹਟੇ ਖੂਹ ਲਵਾਉਣ ਦਾ ਕਾਰਜ ਸਿਰੇ ਚੜ੍ਹਾਇਆ। ਉਹਨਾਂ ਦੀ ਸ਼ਹੀਦੀ ਮਗਰੋਂ ਬਾਬਾ ਬੁੱਢਾ ਜੀ ਨੇ ਗੁਰਿਆਈ ਤਿਲਕ ਦਿੱਤਾ ਛੇਵੀਂ ਪਾਤਸ਼ਾਹੀ ਨੂੰ। ਗੁਰੂ ਹਰਿਗੋਬਿੰਦ ਜੀ ਨੇ ਸਤਲੁਜ ਦੀ ਨਿਰਮਲ ਜਲ ਧਾਰਾ ਦੇ ਕਿਨਾਰੇ ਕੀਰਤਪੁਰ ਨਗਰ ਵਸਾਇਆ।

ਪਹਿਲਾ : ਵਾਹ ਵਾਹ।

ਬੁੱਢਾ ਦਰਿਆ : ਇਸ ਤਰ੍ਹਾਂ ਦਾ ਸਬੰਧ ਰਿਹਾ ਪਾਤਸ਼ਾਹੀਆਂ ਦਾ ਪਾਣੀ ਨਾਲ।

ਪਹਿਲਾ : ਬੜੀ ਕਮਾਲ ਦੀ ਜਾਣਕਾਰੀ ਹੈ।

ਬੁੱਢਾ ਦਰਿਆ : ਜਾਣਕਾਰੀ ਤਾਂ ਮੈਨੂੰ ਤੁਹਾਡੇ ਬਾਰੇ ਵੀ ਬਹੁਤ ਹੈ।

ਦੂਸਰਾ : ਇਤਿਹਾਸ ਬਾਰੇ ਇਹ ਸਭ ਤੈਨੂੰ ਕਿਵੇਂ ਪਤਾ?

ਬੁੱਢਾ ਦਰਿਆ : ਮੈਨੂੰ ਇਹ ਸਭ ਪਤਾ ਹੋਣਾ ਕੁਦਰਤੀ ਹੈ।

ਤੀਸਰਾ : ਫੇਰ ਵੀ ਕਿਸੇ ਨਾ ਕਿਸੇ ਨੇ ਤਾਂ ਦੱਸਿਆ ਈ ਹੋਣਾ ਤੈਨੂੰ।

ਬੁੱਢਾ ਦਰਿਆ : ਨਹੀਂ।

ਚੌਥਾ : ਹੋਰ ਇਸ ਸਭ ਕਾਸੇ ਦਾ ਸੁਪਨਾ ਆਇਆ ਤੈਨੂੰ?

ਪੰਜਵਾਂ : ? *(ਸਵਾਲੀਆ ਲਹਿਜ਼ੇ ਹੱਥ ਹਿਲਾਉਂਦਾ ਹੈ)*

ਬੁੱਢਾ ਦਰਿਆ : ਮੈਂ ਬੁੱਢਾ ਦਰਿਆ ਹਾਂ, ਬਾਬਾ ਬੁੱਢਾ ਜੀ ਦਾ ਗੁਰਭਾਈ ਵੀ ਹਾਂ ਇਕ ਤਰ੍ਹਾਂ ਨਾਲ।

ਪਹਿਲਾ : ਬਾਬਾ ਬੁੱਢਾ ਜੀ ਦਾ ਗੁਰਭਾਈ? ਉਹ ਕਿਵੇਂ?

ਬੁੱਢਾ ਦਰਿਆ : ਜਦੋਂ ਮੈਂ ਨਿੱਕਾ ਜਿਹਾ ਸਾਂ, ਪਰ ਬੜਾ ਸਾਫ ਸੋਹਣਾ ਦਰਿਆ ਸਾਂ। ਮੈਂ ਗੁਰੂ ਨਾਨਕ ਦੇ ਦਰਸ਼ਨ ਕੀਤੇ, ਉਹਨਾਂ ਨੂੰ ਮਿਲਿਆ, ਮੇਰੇ ਕੋਲ ਬੈਠੇ। ਬਾਬੇ ਮਰਦਾਨੇ ਦੀ ਰਬਾਬ ਦੀ ਧੁੰਨ 'ਤੇ ਬਾਣੀ ਦਾ ਗਾਇਨ ਕੀਤਾ, ਮੈਂ ਸੁਣੀ।

*(ਪਿੱਠ ਭੂਮੀ ਵਿਚ ਪਾਣੀ ਵਗਣ ਦੀ ਆਵਾਜ਼, ਨਾਲ ਹੀ ਰਬਾਬ ਦੀ ਧੁੰਨ ਤੇ ਬਾਣੀ ਗਾਇਨ ਦੀ ਆਵਾਜ਼)*

ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਇ ॥
ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ॥

ਦੂਜਾ : ਗੁਰੂ ਨਾਨਕ ਜੀ ਤੈਨੂੰ ਮਿਲੇ? ਤੂੰ ਗੁਰੂ ਜੀ ਨੂੰ ਮਿਲਿਆ? ਕਿਥੇ?

ਬੁੱਢਾ ਦਰਿਆ : ਜਿਥੇ ਅੱਜ ਕੱਲ੍ਹ ਤੁਹਾਡੇ ਸ਼ਹਿਰ ਦਾ ਗੁਰਦੁਆਰਾ ਗਊ ਘਾਟ ਹੈ।

ਤੀਜਾ : ਇਹ ਠੀਕ ਕਹਿ ਰਿਹਾ। ਮੇਰਾ ਪੁਰਾਣਾ ਘਰ ਗੁਰਦੁਆਰਾ ਗਊ ਘਾਟ ਦੇ ਇਲਾਕੇ ਵਿਚ ਹੀ ਹੈ। ਆਏ ਸਨ ਗੁਰੂ ਸਾਹਿਬ ਓਥੇ।

ਚੌਥਾ : ਫਿਰ ਤਾਂ ਬੜਾ ਅਲੀਸ਼ਾਨ ਗੁਦੁਆਰਾ ਹੋਵੇਗਾ ਇਹ।

ਤੀਜਾ : ਹਾਂ, ਬਹੁਤ ਵਿਸ਼ਾਲ, ਹੋਰ ਇਤਿਹਾਸਕ ਗੁਰਦੁਆਰਿਆਂ ਵਾਂਗ। ਸੰਗਮਰਮਰ ਦੀ ਬੜੀ ਸੇਵਾ ਹੋਈ ਹੈ। ਕਾਫੀ ਰਕਬਾ ਹੈ। ਵੱਡਾ ਦਰਬਾਰ ਹਾਲ, ਲੰਗਰ ਹਾਲ। ਕਿੰਨੇ ਸਾਰੇ ਰਹਾਇਸ਼ੀ

ਕਮਰੇ। ਹੋਰ ਬੜਾ ਕੁਛ ਹੈ।

ਬੁੱਢਾ ਦਰਿਆ : ਜਿਵੇਂ ਬਾਬਾ ਬੁੱਢਾ ਜੀ ਨੇ ਪਾਤਸ਼ਾਹ ਦੀ ਦੁੱਧ ਨਾਲ ਸੇਵਾ ਕੀਤੀ, ਮੈਂ ਉਹਨਾਂ ਨੂੰ ਨਿਰਮਲ ਜਲ ਛਕਣ ਲਈ ਪੇਸ਼ ਕੀਤਾ। ਬਾਬਾ ਬੁੱਢਾ ਜੀ ਨੇ ਆਪ ਜੀ ਦੇ ਚਰਨ ਪਰਸੇ ਸਨ, ਮੈਂ ਉਹਨਾਂ ਦੇ ਚਰਨ ਧੋ ਕੇ ਧੰਨ ਹੋ ਗਿਆ। ਗੁਰੂ ਦੀ ਛੋਹ ਨਾਲ ਮੈਂ ਬੱਚਾ ਦਰਿਆ ਨਾ ਰਿਹਾ, ਮੈਂ ਵੱਡਾ ਦਰਿਆ ਹੋ ਗਿਆ, ਮਹਾਨ ਹੋ ਗਿਆ। ਮੈਂ ਬਹੁਤ ਵੱਡਾ ਹੋ ਗਿਆ। *(ਮਾਣ ਨਾਲ)* ਮੈਂ ਬੁੱਢਾ ਦਰਿਆ ਹੋ ਗਿਆ।

*(ਸਾਰੇ ਤਾੜੀਆਂ ਵਜਾਉਂਦੇ ਹਨ)*

ਪੰਜਵਾਂ : ਇਹ ਤਾਂ ਬਹੁਤ ਵੱਡੀ ਗੱਲ ਹੈ। ਤੇਰੇ ਲਈ ਵਾਕਿਆ ਈ ਮਾਣ ਵਾਲੀ ਗੱਲ ਹੈ।

ਬੁੱਢਾ ਦਰਿਆ : ਹਾਂ, ਮੇਰੇ ਲਈ ਇਹ ਮਾਣ ਵਾਲੀ ਗੱਲ ਹੈ। ਪਰ ਤੁਹਾਡੇ ਲਈ ਇਹ ਸ਼ਰਮ ਵਾਲੀ ਗੱਲ ਹੈ।

ਪਹਿਲਾ : ਸ਼ਰਮ ਵਾਲੀ ਕਿਉਂ? ਗੁਰੂ ਜੀ ਸਾਡੇ ਸ਼ਹਿਰ ਆਏ, ਇਹ ਤਾਂ ਖੁਸ਼ੀ ਦੀ ਗੱਲ ਏ।

ਬੁੱਢਾ ਦਰਿਆ : ਗੁਰੂ ਨੇ ਮੈਨੂੰ ਆਪਣਾ ਪਿਆਰ ਦਿੱਤਾ, ਤੁਸੀਂ ਆਪਣੀ ਗੰਦਗੀ ਦੇ ਰਹੇ ਹੋ। ਜਿਸ ਥਾਂ ਗੁਰੂ ਨੇ ਮੇਰੇ ਵਿਚ ਆਪਣੇ ਪਵਿੱਤਰ ਚਰਨ ਪਾਏ, ਐਨ ਉਸੇ ਥਾਂ ਤੁਸੀਂ ਟੱਟੀ ਪਿਸ਼ਾਬ ਪਾ ਰਹੇ ਹੋ। ਗੁਰੂ ਤੁਹਾਨੂੰ ਕਿਵੇਂ ਬਖਸ਼ੇਗਾ ਲਾਹਣਤੀਓ। ਨਹੀਂ ਬਖਸ਼ੇ ਜਾਓਗੇ।

ਦੂਸਰਾ : *(ਪਹਿਲੇ ਨੂੰ ਸੰਬੋਧਨ ਕਰਕੇ)* ਤੁਹਾਨੂੰ ਤਾਂ ਇਸ ਗੱਲ ਦਾ ਖਿਆਲ ਰੱਖਣਾ ਚਾਹੀਦਾ। ਗੁਰਦੁਆਰੇ ਦਾ ਗੰਦ ਬੁੱਢੇ ਨਾਲੇ ਵਿਚ ਨਹੀਂ ਪੈਣਾ ਚਾਹੀਦਾ। ਬਾਕੀ ਗੁਰਦੁਆਰਿਆਂ ਵਾਲਿਆਂ ਨੂੰ ਵੀ ਕਹੋ।

ਪਹਿਲਾ : ਓਏ ਤੂੰ ਟਿਕਿਆ ਰਹਿ।

ਤੀਸਰਾ : *(ਦੂਸਰੇ ਨੂੰ ਸੰਬੋਧਨ ਕਰਕੇ)*

ਸਾਨੂੰ ਦਿਸਦਾ ਨਹੀਂ, ਤੇਰਾ ਕੀ ਖਿਆਲ ਹੈ?

ਤੁਹਾਡਾ ਮੰਦਰ ਵੀ ਗੁਰਦੁਆਰੇ ਦੇ ਐਨ੍ਹ ਨਾਲ ਹੈ

ਬਿਲਕੁਲ ਕੰਧ ਨਾਲ ਕੰਧ ਹੈ

ਸਿੱਧਾ ਬੁੱਢੇ ਵਿਚ ਹੀ ਪੈਂਦਾ ਓਸ ਦਾ ਵੀ ਗੰਦ ਹੈ
ਬਾਕੀ ਹਰੇਕ ਮੰਦਰ ਦਾ ਵੀ ਇਹੀ ਹਾਲ ਹੈ

ਜੋ ਜੋ ਵੀ ਬੁੱਢੇ ਦੇ ਨਾਲ ਨਾਲ ਹੈ

ਚੌਥਾ : *(ਦੂਸਰੇ ਨੂੰ ਸੰਬੋਧਨ ਕਰਕੇ)* ਨਾ, ਹੁਣ ਬੋਲ।

ਪੰਜਵਾਂ : *(ਚੌਥੇ ਨੂੰ ਸੰਬੋਧਨ ਕਰਕੇ)* ਉਹਨੇ ਕੀ ਬੋਲਣਾ, ਤੁਹਾਡੇ ਘਰਾਂ ਦਾ ਕਿਥੇ ਜਾ ਰਿਹਾ?

ਚੌਥਾ : *(ਪੰਜਵੇਂ ਨੂੰ ਸੰਬੋਧਨ ਕਰਕੇ)* ਜਿਥੇ ਤੁਹਾਡਾ ਜਾਂਦਾ, ਮਾਮਾ।

ਬੁੱਢਾ ਦਰਿਆ : ਗਿਰਜਾ ਮੰਦਰ ਮਸਜਿਦ ਗੁਰਦੁਆਰਾ ਹੋਵੇ

ਬੰਗਲਾ, ਕੋਠੀ, ਮਕਾਨ, ਝੁੱਗੀ, ਢਾਰਾ ਹੋਵੇ

ਸਕੂਲ, ਕਾਲਜ, ਯੂਨੀਵਰਸਿਟੀ, ਮਾਲ ਹੋਵੇ,

ਕਾਰਖਾਨਾ, ਦਫਤਰ, ਹੋਟਲ, ਹਸਪਤਾਲ ਹੋਵੇ

ਸਭ ਦਾ ਗੰਦ ਤੁਸੀਂ ਮੇਰੇ ਵਿਚ ਧੱਕਿਆ ਹੈ

ਤੁਸੀਂ ਮੈਨੂੰ ਆਪਣਾ ਪਿਓ ਨਹੀਂ ਸ਼ਹਿਰ ਤੋਂ ਸਤਲੁਜ ਤੱਕ ਗੰਦਗੀ ਤੇ ਜ਼ਹਿਰਾਂ ਢੋਣ ਵਾਲਾ ਗੁਲਾਮ ਸਮਝ ਰੱਖਿਆ ਹੈ।

*(ਲੰਮੀ ਚੁੱਪ, ਸੋਗੀ ਧੁਨ)*

ਤੀਸਰਾ : *(ਲੋਕਾਂ ਨੂੰ ਸੰਬੋਧਨ ਕਰਕੇ)* ਓ ਹੁਣ ਕਿਤੇ ਤਾਂ ਸ਼ਹਿਰ ਦਾ ਸੀਵਰੇਜ ਪਾਉਣਾ ਹੀ ਹੈ। ਜਦ ਦਰਿਆ ਖਤਮ

ਹੋ ਗਿਆ, ਪਿਛਿਓਂ ਕੋਈ ਪਾਣੀ ਆ ਨਹੀਂ ਰਿਹਾ, ਗੰਦਾ ਨਾਲਾ ਬਣ ਗਿਆ, ਫੇਰ ਸੀਵਰੇਜ ਓਸੇ ਵਿਚ ਹੀ ਪੈਣਾ।

ਬੁੱਢਾ ਦਰਿਆ : ਤੁਹਾਡਾ ਮਤਲਬ ਜਦ ਪਿਓ ਮਰ ਹੀ ਗਿਆ ਤਾਂ ਓਹਦੀ ਲਾਸ਼ 'ਤੇ ਹੱਗਣ ਮੂਤਣ 'ਚ ਕੀ ਹਰਜ਼ ਹੈ। ਇਹੀ ਨਾ? ਸਦਕੇ ਤੁਹਾਡੀ ਅਕਲ ਦੇ ਮੇਰੇ ਪੁੱਤਰੋ, ਸਦਕੇ। ਨਹੀਂ ਰੀਸਾਂ ਤੁਹਾਡੀ ਸਿਆਣਪ ਦੀਆਂ। ਜਿਹੜਾ ਕੁਕਰਮ ਕੋਈ ਆਪਣੇ ਦੁਸ਼ਮਣ ਦੀ ਲਾਸ਼ ਨਾਲ ਕਰਨ ਬਾਰੇ ਵੀ ਨਹੀਂ ਸੋਚ ਸਕਦਾ ਤੁਸੀਂ ਉਹ ਸਕੇ ਪਿਓ ਦੀ ਲਾਸ਼ ਨਾਲ ਕਰਨ ਨੂੰ ਜ਼ਾਇਜ ਠਹਿਰਾ ਰਹੇ ਹੋ? ਲਾਹਣਤ ਹੈ ਤੁਹਾਡੇ ’ਤੇ, ਲੱਖ ਲਾਹਣਤ, ਕਰੋੜ ਲਾਹਣਤ, ਅਰਬ ਲਾਹਣਤ, ਖਰਬ ਲਾਹਣਤ। ਏਦੂੰ ਪਰੇ ਹੋਰ ਮੈਂ ਕੀ ਕਹਾਂ?

*(ਵਕਫ਼ਾ)*

ਬੁੱਢਾ ਦਰਿਆ : *(ਪੰਜਵੇਂ ਨੂੰ)* ਤੂੰ ਭਲਾ ਕੀ ਪੁੱਛਦਾ ਸੀ.....?

ਪੰਜਵਾਂ : ਮੈਂ ਪੁੱਛਦਾ ਸੀ ਕਿ ਤੇਰਾ ਸਾਡਾ ਇਤਿਹਾਸ ਕਿਵੇਂ ਸਾਂਝਾ ਹੈ?

ਬੁੱਢਾ ਦਰਿਆ : ਪਿਓ ਅਤੇ ਔਲਾਦ ਦਾ ਇਤਿਹਾਸ ਥੋੜ੍ਹਾ ਜਿਹਾ ਅੱਗੇ ਪਿੱਛੇ ਪਰ ਬਹੁਤਾ ਨਾਲ ਨਾਲ ਚਲਦਾ ਹੁੰਦਾ। ਦਸਵੇਂ ਪਾਤਸ਼ਾਹ ਅਤੇ ਉਹਨਾਂ ਦੇ ਸਾਹਿਬਜ਼ਾਦਿਆਂ ਦਾ ਇਤਿਹਾਸ ਵੱਖਰਾ ਨਹੀਂ। ਪਵਿਤਰ ਪਿਓ ਪਵਿਤਰ ਸੰਤਾਨ, ਮਹਾਨ ਬਾਪ ਦੇ ਮਹਾਨ ਬੱਚੇ। ਜ਼ਿੰਦਗੀ ਦੇ ਜਜ਼ਬੇ ਦੀ ਸਿਖਰ ਗੁਰੂ ਗੋਬਿੰਦ ਸਿੰਘ ਅਤੇ ਉਹੀ ਸਿਖਰ ਉਹਨਾਂ ਦੇ ਸਾਹਿਬਜ਼ਾਦੇ।

ਪਹਿਲਾ : ਧੰਨ ਗੁਰੂ ਕਲਗੀਧਰ ਪਿਤਾ।

ਤੀਸਰਾ : ਧੰਨ ਉਹਨਾਂ ਦੀ ਸੰਤਾਨ।

ਬੁੱਢਾ ਦਰਿਆ : ਅੱਜ ਗੰਦਗੀ ਨਾਲ ਭਰਪੂਰ ਮੈਂ ਅਤੇ ਗੰਦਗੀ ਨਾਲ ਭਰਪੂਰ ਤੁਸੀਂ ਮੇਰੀ ਔਲਾਦ। ਜਦ ਮੈਂ ਜਿਉਂਦਾ ਵਗਦਾ ਦਰਿਆ ਸੀ ਤਾਂ ਸ਼ਹਿਰ ਜਿਉਂਦਾ ਵਸਦਾ ਸੀ। ਮੈਂ ਮਰ ਚੁੱਕਾ ਹਾਂ ਤਾਂ ਸ਼ਹਿਰ ਮਰਿਆ ਮੁੱਕਿਆ ਹੋਇਆ, ਮਰੇ ਮੁੱਕਿਆਂ ਵਾਲੀਆਂ ਤੁਹਾਡੀਆਂ ਗੱਲਾਂ। ਮਰੇ ਮੁੱਕੇ ਸ਼ਹਿਰ ਵਾਸੀ, ਮਰੇ ਮੁੱਕੇ ਸ਼ਹਿਰ ਦੇ ਚੌਧਰੀ, ਮਰੇ ਮੁੱਕੇ ਅਫ਼ਸਰ।

*(ਸਾਰੇ ਭੜਕ ਜਾਂਦੇ ਹਨ)*

ਸਾਰੇ : ਖਬਰਦਾਰ, ਸਾਨੂੰ ਮਰੇ ਮੁੱਕੇ ਨਹੀਂ ਕਹਿਣਾ।

ਪਹਿਲਾ : ਤੂੰ ਸਾਡੇ ਜਲਸੇ ਤੇ ਦੀਵਾਨਾ ਦੇ ਨਾਹਰਿਆਂ ਤੇ ਜੈਕਾਰਿਆਂ ਦੀ ਗੂੰਜ ਨਹੀਂ ਸੁਣੀ ਹੋਣੀ।

ਦੂਸਰਾ : ਤੂੰ ਸਾਡੀ ਰੱਥ ਯਾਤਰਾ ਤੇ ਜਗਰਾਤਿਆਂ ਦੀ ਰੌਣਕ ਨਹੀਂ ਦੇਖੀ ਲਗਦੀ।

ਤੀਸਰਾ : ਤੂੰ ਮੇਰੇ ਦਫਤਰ ਬਾਹਰ ਲਾਇਨਾਂ ਲੱਗੀਆਂ ਨਹੀਂ ਦੇਖੀਆਂ। ਇਕ ਦਸਤਖ਼ਤ ਨਾਲ ਲੱਖਾਂ ਕਰੋੜਾਂ ਦੇ ਬਿੱਲ ਪਾਸ ਕਰ ਸਕਦਾਂ। *(ਮੁਸਕਰਾ ਕੇ)* ਰੋਕ ਵੀ ਸਕਦਾਂ।

ਚੌਥਾ : ਲੱਗਦੈ ਮੇਰੀ ਤਾਕਤ ਦਾ ਵੀ ਤੈਨੂੰ ਪਤਾ ਨਹੀਂ।

ਪੰਜਵਾਂ : ਅਸੀਂ ਜਦੋਂ ਹੜਤਾਲ ਕਰ ਦਈਏ ਵੱਡੇ ਵੱਡਿਆਂ ਨੂੰ ਨਾਨੀ ਯਾਦ ਕਰਾ ਦਈਦੀ ਆ।

ਪਹਿਲਾ : ਨਾਲੇ ਤੂੰ ਆਪਣੀ ਜਿਹੜੀ ਗੱਲ ਕਰਨੀ ਸਾਡੇ ਨਾਲ ਸਿੱਧੀ ਕਰ, ਧਰਮ ਨੂੰ ਤੇ ਗੁਰੂਆਂ ਨੂੰ ਵਿਚ ਲਿਆਉਣ ਦੀ ਲੋੜ ਨਹੀਂ। ਅਸੀਂ ਉਹਨਾਂ ਦੀ ਰੀਸ ਨਹੀਂ ਕਰ ਸਕਦੇ। ਤੂੰ ਸਾਡੀਆਂ ਧਾਰਮਿਕ ਭਾਵਨਾਵਾਂ ਨਾ ਭੜਕਾ।

ਬੁੱਢਾ ਦਰਿਆ : ਨਾ, ਧਾਰਮਿਕ ਭਾਵਨਾਵਾਂ ਦਾ ਠੇਕਾ ਤੁਹਾਡੀ ਗੰਦੀ

ਪਾਵਰ ਪੌਲੇਟਿਕਸ ਨੇ ਲੈ ਰੱਖਿਆ? ਹੈਂ?

ਦੂਸਰਾ : ਗੁਰੂ ਨਾਨਕ ਸ਼ਹਿਰ ਆਏ, ਕਿਤੇ ਤਾਂ ਉਹਨਾਂ ਬਹਿਣਾ ਸੀ, ਤੇਰੇ ਕੰਢੇ ਬਹਿ ਗਏ। ਕਿਤਿਓਂ ਤਾਂ ਪਾਣੀ ਪੀਣਾ ਈ ਸੀ, ਤੇਰੇ ਤੋਂ ਪੀ ਲਿਆ। ਇਹਦਾ ਮਤਲਬ ਇਹ ਨਹੀਂ ਕਿ ਤੂੰ ਬਾਹਲਾ ਇਤਿਹਾਸਕ ਹੋ ਗਿਆ। ਅਸੀਂ ਸ਼ਹਿਰ ਦੇ ਮੋਹਤਬਰ ਲੋਕ ਹਾਂ, ਸਾਡੀ ਵੀ ਕੋਈ ਇੱਜ਼ਤ ਏ।

ਬੁੱਢਾ ਦਰਿਆ : ਹੂੰਅ, ਵੱਡੇ ਇੱਜ਼ਤਦਾਰੋ ਤੁਸੀਂ ਮੇਰੇ ਚੋਂ ਗੁਰੂਆਂ ਦੇ ਧਰਮ ਨੂੰ, ਉਹਨਾਂ ਦੇ ਇਤਿਹਾਸ ਨੂੰ ਖਾਰਜ ਨਹੀਂ ਕਰ ਸਕਦੇ, ਸਮਝੇ?

ਚੌਥਾ : ਹੋਰ ਤੇਰਾ ਐਡਾ ਕਿਹੜਾ ਇਤਿਹਾਸ ਐ?

*(ਸੰਗੀਤਕ ਵਕਫ਼ਾ)*

ਬੁੱਢਾ ਦਰਿਆ : ਪੋਹ ਦੀ ਠਰੀ ਹੋਈ ਰਾਤ ਸੀ ਜਦ ਗੁਰੂ ਗੋਬਿੰਦ ਸਿੰਘ ਸਭ ਕੁਝ ਲੁਟਾ ਜੇ ਚਮਕੌਰ ਦੀ ਗੜ੍ਹੀ 'ਤੋਂ ਪੈਦਲ ਮਾਛੀਵਾੜੇ ਆਏ ਸਨ। ਚਮਕੌਰ ਤੇ ਮਾਛੀਵਾੜੇ ਵਿਚਾਲੇ ਉਹ ਇਲਾਕਾ ਹੈ ਜਿਥੋਂ ਮੇਰੀ ਸ਼ੁਰੂਆਤ ਹੁੰਦੀ ਸੀ। ਜਿਥੋਂ ਮੈਂ ਤੁਰਦਾ ਸਾਂ। ਥਾਂ ਥਾਂ ਮੇਰੇ ਪਾਣੀਆਂ ਨੇ ਗੁਰੂ ਦੇ ਨੰਗੇ ਪੈਰਾਂ ਦੇ ਜ਼ਖ਼ਮਾਂ ਨੂੰ ਚੁੰਮਿਆਂ। ਟਿਕੀ ਰਾਤ ਦੇ ਤੜਕੇ ਕਿਨਾਰਿਆਂ ਨੇ, ਮੇਰੇ ਪਾਣੀਆਂ ਨੇ ਗੁਰੂ ਨੂੰ ਮੁਹੱਬਤ ਦਾ ਅਮਰ ਗੀਤ ਗਾਉਂਦੇ ਸੁਣਿਆਂ।

*(ਮੰਚ 'ਤੇ ਰੌਸ਼ਨੀ ਬੰਦ ਹੁੰਦੀ ਹੈ। ਗਾਇਨ ਉਭਰਦਾ ਹੈ)*

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥

*(ਵਿਚ ਵਿਚ ਵਗਦੇ ਪਾਣੀ ਦੀ ਆਵਾਜ਼)*

ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ॥

ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ॥

ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠ ਖੇੜਿਆਂ ਦਾ ਰਹਿਣਾ॥

*(ਰੌਸ਼ਨੀ ਹੁੰਦੀ ਹੈ, ਸਾਰੇ ਸ਼ਰਧਾ ਭਾਵ ਦਾ ਦਿਖਾਵਾ ਕਰਦੇ ਹਨ)*

ਬੁੱਢਾ ਦਰਿਆ : ਗੁਰੂ ਜੀ ਨੂੰ ਅਨੰਦਪੁਰ ਨਗਰ ਛੱਡਣਾ ਪਿਆ। ਦੋ ਪੁੱਤਰ ਅੱਖਾਂ ਦੇ ਸਾਹਮਣੇ ਟੁਕੜੇ ਟੁਕੜੇ ਹੋ ਕੇ ਸ਼ਹੀਦ ਹੋਏ। ਦੋ ਉਜਾੜ ਬੀਆਬਾਨ ਵਿਚ ਲਾਪਤਾ ਹੋ ਗਏ। ਬਿਰਧ ਮਾਤਾ ਲਾਪਤਾ ਹੋ ਗਈ। ਕੋਲ ਕੁਛ ਵੀ ਨਹੀਂ ਬਚਿਆ। ਨਾ ਹੇਠ ਘੋੜਾ ਰਿਹਾ, ਨਾ ਪੈਰੀਂ ਜੋੜਾ ਰਿਹਾ। ਕੱਪੜੇ ਵੀ ਫਟ ਗਏ। ਪਰ ਮੈਂ ਮਹਾਰਾਜ ਨੂੰ ਰੋਂਦੇ ਕੁਰਲਾਉਂਦੇ ਜਾਂ ਹਾਏ ਹਾਏ ਕਰਦੇ ਨਹੀਂ ਸੁਣਿਆਂ।ਆਪ ਸ਼ੁਕਰ ਸ਼ੁਕਰ ਕਰਦੇ ਰਹੇ, ਮੁਸਕਰਾ ਕੇ ਤੇਰਾ ਭਾਣਾ ਤੇਰਾ ਭਾਣਾ ਬੋਲਦੇ ਰਹੇ।

ਪਹਿਲਾ : ਸਤਿਨਾਮ।

ਬੁੱਢਾ ਦਰਿਆ : ਪਰ ਤੁਹਾਨੂੰ ਮੈਂ ਰੋਜ਼ ਸੁਣਦਾਂ ਮਰ ਗਏ, ਮਰ ਗਏ ਕਰਦਿਆਂ ਨੂੰ। ਸਭ ਕਾਸੇ ਦੇ ਹੁੰਦਿਆਂ ਸੁੰਦਿਆਂ ਮਰੂੰ ਮਰੂੰ ਕਰੀ ਜਾਂਦਿਆਂ ਨੂੰ।

*(ਪਹਿਲਾ ਢੈਲਾ ਪੈ ਜਾਂਦਾ ਹੈ)*

ਦੂਸਰਾ : *(ਪਹਿਲੇ ਨੂੰ ਸੰਬੋਧਨ ਕਰਕੇ)* ਲਓ ਸੁਣ ਲਓ

ਬੁੱਢਾ ਦਰਿਆ : *(ਤੀਸਰੇ ਨੂੰ ਸੰਬੋਧਨ ਕਰਕੇ)* ਤੁਹਾਡੇ ਪੁਰਖੇ ਮਰ ਕੇ ਵੀ ਜਿਉਂਦੇ ਹਨ, ਰਹਿੰਦੀ ਦੁਨੀਆਂ ਤੱਕ ਜਿਉਂਦੇ ਰਹਿਣਗੇ।

ਤੀਸਰਾ : ਵਾਹਿਗੁਰੂ ।

ਬੁੱਢਾ ਦਰਿਆ : ਪਰ ਤੁਸੀਂ ਸਾਰੇ ਜਿਉਂਦੇ ਜੀਅ ਮਰੇ ਹੋਏ ਹੋ।

*(ਤੀਸਰਾ ਸੁੰਗੜ ਜਾਂਦਾ ਹੈ)*

ਚੌਥਾ : ਇਹ ਗੱਲ ਗਲਤ ਹੈ।

ਪੰਜਵਾਂ : ਸਾਨੂੰ ਵਾਰ ਵਾਰ ਮਰੇ ਹੋਏ ਕਹਿਣ ਦਾ ਤੈਨੂੰ ਕੀ ਲਾਭ ਹੋ ਜਾਊ?

ਪਹਿਲਾ : ਅਸੀਂ ਸੁਣ ਕੇ ਕਹਿਣ ਲੱਗ ਜਾਵਾਂਗੇ ਕਿ ਚੱਲ ਮਰੇ ਤਾਂ ਮਰੇ ਈ ਸਹੀ।

ਚੌਥਾ : ਜੇ ਤੂੰ ਵੀ ਮਰਿਆ ਤੇ ਤੇਰੇ ਮੁਤਾਬਿਕ ਅਸੀਂ ਵੀ ਮਰੇ ਹੋਏ। ਫੇਰ ਤਾਂ ਕੰਮ ਨਿਬੜਿਆ ਹੋਇਆ। ਮਰੇ ਹੋਏ ਤਾਂ ਮੁੜ ਜਿਊਂਦੇ ਹੋਣੋਂ ਰਹੇ। ਮਿਹਣੇ ਮਾਰਨ ਦਾ ਕੀ ਫਾਇਦਾ?

ਬੁੱਢਾ ਦਰਿਆ : ਮਰਿਆ ਹੋਇਆ ਬੰਦਾ ਜਿਊਂਦਾ ਨਹੀਂ ਹੁੰਦਾ ਪਰ ਮਰੀ ਪਈ ਜਨਤਾ ਉੱਠ ਸਕਦੀ ਹੈ। ਮਰੇ ਹੋਏ ਸਮਾਜ ਜਾਂ ਭਾਈਚਾਰੇ ਵਿਚ ਮੁੜ ਜਾਨ ਪੈ ਸਕਦੀ ਹੈ। ਲੋਕ ਜਿਊਂਦਿਆਂ 'ਚ ਹੋ ਜਾਣ ਤਾਂ ਮਰਿਆ ਹੋਇਆ ਦਰਿਆ ਵੀ ਮੁੜ ਜਿਊਂਦਾ ਹੋ ਸਕਦਾ ਹੈ।

ਪੰਜਵਾਂ : ਮਰਿਆ ਹੋਇਆ ਭਾਈਚਾਰਾ ਜਾਂ ਮਰੇ ਹੋਏ ਲੋਕ ਕਿਹੜੇ ਹੁੰਦੇ?

ਬੁੱਢਾ ਦਰਿਆ : ਜਿਹੜੇ ਲੋਕ ਕਹਿਣ ਲੱਗ ਪੈਣ ਕਿ ਕੁਛ ਨਹੀਂ ਸੁਧਰ ਸਕਦਾ, ਕੁਛ ਚੰਗਾ ਨਹੀਂ ਹੋ ਸਕਦਾ ਉਹ ਮਰੇ ਹੋਏ ਲੋਕ ਹੁੰਦੇ। ਜਿਸ ਭਾਈਚਾਰੇ ਦੀ ਆਪਣੇ ਹਾਲਤਾਂ ਨੂੰ ਸੁਧਾਰਨ ਦੀ ਰੁਚੀ ਮੁੱਕ ਜਾਵੇ ਉਹ ਭਾਈਚਾਰਾ ਮਰਿਆ ਹੋਇਆ ਹੁੰਦਾ। ਕਾਨੂੰਨ ਬਣਾਉਣ ਤੇ ਕਨੂੰਨ ਦੀ ਪਾਲਣਾ ਕਰਾਉਣ ਵਾਲੇ ਜਦ ਕਾਨੂੰਨ ਤੋੜਨ ਨੂੰ ਕਮਾਈ ਦਾ ਸਾਧਨ ਬਣਾ ਲੈਣ। ਹਰ ਕੋਈ ਆਪਣਾ, ਆਪਣੇ ਪਰਿਵਾਰ ਤੇ ਆਪੋ ਆਪਣੇ ਕਾਰੋਬਾਰ ਦਾ ਫਿਕਰ ਕਰਨ ਜੋਗਾ

ਹੀ ਰਹਿ ਜਾਵੇ। ਤਾਂ ਇਹ ਨਿਸ਼ਾਨੀਆਂ ਹੁੰਦੀਆਂ ਮਰੇ ਹੋਏ ਸਮਾਜ ਦੀਆਂ।

ਪਹਿਲਾ : ਤੂੰ ਹੋਰ ਤਰ੍ਹਾਂ ਦਾ ਮਰਿਆ ਏਂ, ਸਾਨੂੰ ਹੋਰ ਤਰ੍ਹਾਂ ਮਰੇ ਸਾਬਤ ਕਰਨ ਦੀ ਕੋਸ਼ਿਸ਼ ਕਰ ਰਿਹੈਂ।

ਦੂਸਰਾ : ਤੇਰੇ 'ਤੇ ਸਾਡੇ ਮਰਨ ਵਿਚ ਫਰਕ ਹੈ।

ਤੀਸਰਾ : ਤੂੰ ਤਾਂ ਅਸਲੀ ਵਾਲਾ ਮਰਿਆ ਏਂ।

ਬੁੱਢਾ ਦਰਿਆ : ਅਸਲ ਵਿਚ ਮੈਨੂੰ ਤੁਸੀਂ ਮਾਰ ਦਿੱਤਾ ਹੈ ਅਤੇ ਆਪ ਤੁਸੀਂ ਖੁਦਕੁਸ਼ੀ ਕਰ ਰਹੇ ਹੋ। ਸਹਿਜੇ ਸਹਿਜੇ ਤੁਸੀਂ ਵੀ ਅਸਲੀ ਵਾਲੀ ਮੌਤ ਮਰਨ ਵਾਲੇ ਹੋ ਸਾਰੇ। ਬੱਸ ਥੋੜ੍ਹੇ ਦਿਨਾਂ ਦੀ ਗੱਲ ਹੈ। ਕੁਝ ਸਮੇਂ ਦਾ ਫਰਕ ਹੈ ਮੇਰੀ ਅਤੇ ਤੁਹਾਡੀ ਅਸਲੀ ਮੌਤ ਵਿਚ।

ਚੌਥਾ : ਇਹ ਕਿਆਫ਼ਾ ਤੂੰ ਕਿਵੇਂ ਲਗਾ ਲਿਆ?

ਬੁੱਢਾ ਦਰਿਆ : ਕਿਆਫ਼ਾ ਨਹੀਂ ਸਚਾਈ ਹੈ ਇਹ। ਵਿਗਿਆਨਕ ਸਚਾਈ।

ਪੰਜਵਾਂ : ਫਿਰ ਵੀ ਕਿਵੇਂ?

ਬੁੱਢਾ ਦਰਿਆ : ਮੈਂ ਦੱਸ ਚੁੱਕਾਂ ਤੁਹਾਨੂੰ।

ਚੌਥਾ : ਕੀ?

ਬੁੱਢਾ ਦਰਿਆ : ਕਿ ਦਰਿਆਵਾਂ ਨੇ ਵਗਣਾ ਸ਼ੁਰੂ ਕੀਤਾ ਤਾਂ ਸ਼ਹਿਰਾਂ ਨੇ ਵਸਣਾ ਸ਼ੁਰੂ ਕੀਤਾ। ਹੁਣ ਦਰਿਆ ਮਰ ਰਹੇ ਹਨ ਤੇ ਮਰੇ ਹੋਏ ਦਰਿਆਵਾਂ ਦੇ ਮਗਰ ਸ਼ਹਿਰਾਂ ਨੇ ਮਰਨਾ ਹੈ। ਕੈਂਸਰ ਦਾ ਤੂਫਾਨ ਆ ਰਿਹਾ ਤੁਹਾਡੇ ਵੱਲ। ਤੁਸੀਂ ਆਪਣੀ ਅਣਿਆਈ ਮੌਤ ਲਈ ਤਿਆਰ ਰਹੋ। ਆਪਣੀ ਸਮੂਹਿਕ ਮੌਤ ਲਈ। ਆਪਣੇ ਧੀਆਂ ਪੁੱਤਾਂ ਦੀ ਮੌਤ ਲਈ। ਪੋਤਰੇ ਪੋਤਰੀਆਂ ਦੀ ਬੇਵਕਤ ਮੌਤ ਲਈ।

ਤੀਸਰਾ : ਸ਼ਰਮ ਕਰ ਕੁਝ, ਸ਼ੁੱਭ ਸ਼ੁੱਭ ਬੋਲ।

ਬੁੱਢਾ ਦਰਿਆ : ਸ਼ਰਮ ਤਾਂ ਤੁਸੀਂ ਕਰੋ ਬੇਸ਼ਰਮੋ। ਮੈਂ ਹੋਰ ਕੀ ਬੋਲਾਂ। ਇਹ ਕੰਮ ਤਾਂ ਕਦੋਂ ਦਾ ਸ਼ੁਰੂ ਹੋ ਚੁੱਕਾ। ਰਾਜਸਥਾਨ ਤੱਕ ਲੋਕ ਮਰ ਰਹੇ ਹਨ।

*(ਚੁੱਪ ਦੇ ਅਰਸੇ ਮਗਰੋਂ ਰਾਜਸਥਾਨੀ ਦਾਖਲ ਹੁੰਦਾ ਹੈ)*

ਰਾਜਸਥਾਨੀ : ਰਾਮ ਰਾਮ ਪੰਜਾਬੀ ਭਰਾਵੋ।

ਦੂਸਰਾ, ਪੰਜਵਾਂ: ਰਾਮ ਰਾਮ ਜੀ।

ਰਾਜਸਥਾਨੀ : ਸਾਸਰੀਆ ਕਾਰ ਸਰਦਾਰ ਜੀ।

ਪਹਿਲਾ,ਤੀਸਰਾ: ਸਤਿ ਸ੍ਰੀ ਅਕਾਲ।

ਰਾਜਸਥਾਨੀ : ਮੈਂ ਬੀਕਾਨਰ ਤੋਂ ਹੂੰ। ਮ੍ਹਾਰੀ ਮਜਬੂਰ ਲੋਕਾਂ ਦੀ ਬਿਨਤੀ ਹੈ ਸਾਹਬ। *(ਰੋਣਹਾਕਾ ਹੋ ਕੇ)* ਮ੍ਹਾਰੇ ਕੰਨੇ ਪੀਣੇ ਕੋ ਪਾਣੀ ਥਾਰਲੇ ਸਤਲੁਜ ਕਾ ਈ ਹੈ। ਉਹ ਪਾਣੀ ਪਹਿਲਾਂ ਅੰਮ੍ਰਿਤ ਸੋ ਹੋਇਆ ਕਰਤੋ। ਥੇਅ ਇੰਹ ਵਿਚ ਬੁੱਢੇ ਅਰ ਦੂਸਰੇ ਗੰਦੇ ਨਾਲੇਂ ਕੇ ਸੀਵਰੇਜਾਂ, ਫੈਕਟਰੀਆਂ, ਅਰ ਡੈਰੀਆਂ ਕਾ ਪਾਣੀ ਘਾਲਣ ਲਾਗ ਪੜਿਆ। ਮ੍ਹਾਰੇ ਕੈਂਸਰ ਦੀ ਮਹਾਂਮਾਰੀ ਫੈਲ ਰੀ ਹੈ। ਹਜਾਰਾਂ ਲੋਗ ਕੈਂਸਰ ਦੀ ਮਾਰ ਮੇਂ ਹਾਂ। ਕੈਂਸਰ ਦੇ ਰੋਗੀਆਂ ਹੂੰਹ ਹਸਪਤਾਲ ਭਰਿਆ ਪੜਿਆ ਹੈ। ਕੈਂਸਰ ਨਾਲ ਪਹਿਲਾਂ ਮੇਰੀ ਲੁਗਾਈ ਚਾਲ ਬਸੀ, ਫੇਰ ਬੇਟੋ ਗਿਉ, ਅਰ ਹੁਣ ਬਹੂ ਬੀਨਣੀ ਭੀ ਚਾਲ ਬਸੀ। ਅਬ ਮੈਂ ਅਰ ਮੇਰੀ ਪੋਤੀ ਬਚਿਆਂ ਹਾਂ। ਅਰ ਮ੍ਹਾਰੋ ਵੀ ਕੀ ਪਤਾ। *(ਗਿੜਗਿੜਾਉਂਦਾ ਹੈ)* ਮਾਨੇ ਜੀਅ ਲੇਣ ਦਿਉ ਭਗਵਾਨ ਦੀ ਖਾਤਰ। *(ਰੋਂਦਾ ਹੋਇਆ)* ਮ੍ਹਾਰੇ ਪਰ ਰਹਿਮ ਕਰੋ।

ਦੂਸਰਾ : ਸਾਨੂੰ ਤੇਰੇ ਪਰਿਵਾਰ ਨਾਲ ਪੂਰੀ ਹਮਦਰਦੀ

ਹੈ।

ਰਾਜਸਥਾਨੀ : ਮ੍ਹਾਰੀ ਜਾਨ ਬਚਜੈ। *(ਪਹਿਲੇ ਨੂੰ ਸੰਬੋਧਨ ਕਰਕੇ)* ਸਰਦਾਰ ਜੀ, ਥੇ ਤੋ ਅੰਮ੍ਰਿਤ ਪਾਨ ਕਰਨ ਅਰ ਕਰਾਣ ਆਲਾ ਲੋਗ ਸੀ। ਥੇ ਮ੍ਹਾਨੇ ਜਬਰੀ ਜ਼ਹਿਰ ਅਰ ਗੰਦਗੀ ਪਿਆਣ ਲਾਗ ਪੜਿਆ? ਦਸਵੇਂ ਗੁਰੂ ਤੋ ਸਤਲੁਜ ਦੇ ਪਾਣੀ ਭਰੇੜ ਬਾਟੇ ਮੈਂ ਖੰਡੋ ਫੇਰ ਕੇ ਪਹੁਲ ਬਣਾਇਉ ਹੋ, ਅਰ ਥੇ ਸਤਲੁਜ ਦੇ ਪਾਣੀ ਨੂੰ ਹੀ ਜੈਹਰ ਬਨਾਣ ਲਾਗ ਰਿਆ ਹੋ।

*(ਪਹਿਲਾ ਉਸ ਨੂੰ ਜੱਫੀ ਵਿਚ ਲੈ ਲੈਂਦਾ ਹੈ, ਸੋਗੀ ਸੰਗੀਤਕ ਵਕਫ਼ਾ)*

ਪਹਿਲਾ : ਅਸੀਂ ਬਹੁਤ ਸ਼ਰਮਿੰਦੇ ਹਾਂ। ਤੈਨੂੰ ਸਿੱਖੀ ਬਾਰੇ ਕਿੰਨਾ ਪਤਾ ਏ। ਤੂੰ ਤਾਂ ਗੁਰੂ ਦਾ ਪਿਆਰਾ ਲੱਗਦੈਂ।

ਰਾਜਸਥਾਨੀ : ਮਾਹਰਾਜਾ ਗੰਗਾ ਸਿੰਘ ਮ੍ਹਾਰੀ ਬੀਕਾਨੇਰ ਰੀ ਰਿਆਸਤ ਦਾ ਰਾਜਾ ਹਾਅ। ਬਾਂਅ ਗੰਗਾਨਗਰ ਬਸਾਇਉ ਹੋ। ਬੇ ਗੁਰੂ ਜੀ ਦਾ ਘਣਾਂ ਸ਼ਰਧਾਵਾਨ ਹਾ। ਬਾਂਅ ਬੀਕਾਨੇਰ ਦੀ ਰਿਆਸਤ ਦੇ ਹਰ ਸ਼ੈਹਰ ਅਰ ਕਸਬੇ 'ਚ ਰੇਲਵੇ ਸਟੇਸ਼ਨ ਲਾਗੇ ਗੁਰਦੁਆਰਾ ਬਣਵਾਇਆ।

ਤੀਸਰਾ : ਫਿਰ ਤੇ ਬੜੇ ਮਹਾਨ ਸਨ ਮਹਾਰਾਜਾ ਗੰਗਾ ਸਿੰਘ ਜੀ।

ਰਾਜਸਥਾਨੀ : ਪਰ ਅਬ ਬਾਂਅ ਗੁਰਦੁਆਰਾਂ ਦੇ ਦੇਗਾਂ ਅਰ ਲੰਗਰਾਂ ਮੈਂ ਭੀ ਵੋਹ ਗੰਦੋ ਪਾਣੀ ਬਰਤੀਜੇ ਹੈ ਜਿਕੇ ਮੈਂ ਥਾਰੇ ਨਿਕਾਸੀ ਪਾਣੀ ਰਲੈੜੋ ਹੋਵੇ ਹੈ।

ਚੌਥਾ : ਇਹ ਤਾਂ ਬਹੁਤ ਸ਼ਰਮ ਦੀ ਗੱਲ ਏ।

ਦੂਸਰਾ : ਬਹੁਤ ਬੁਰਾ ਹਾਲ ਏ ਤੁਹਾਡੇ ਤਾਂ ਫਿਰ।

ਰਾਜਸਥਾਨੀ : ਹਾਲ ਤੋ ਭਾਈੜੋ ਥਾਰਲੇ ਲੋਗਾਂ ਭੀ ਠੀਕ ਕੋਅ ਨੀਂ।

ਥਾਰੇ ਮਾਲਵੇ 'ਚੋਂ ਗਾਡੀਆਂ ਗੀ ਗਾਡੀ ਭਰੇੜੀ ਆਵੈ ਬੀਕਾਨੇਰ ਕੈਂਸਰ ਦੇ ਮਰੀਜ਼ਾਂ ਗੀ।

ਚੌਥਾ : ਇਹ ਤਾਂ ਸੁਣਿਆਂ ਕਿ ਕੈਂਸਰ ਟਰੇਨ ਤੋਂ ਬਿਨਾ ਇਧਰਲੇ ਹਸਪਤਾਲ ਵੀ ਭਰੇ ਪਏ ਆ। ਇਕੱਲੇ ਫਰੀਦਕੋਟ ਦੇ ਸਰਕਾਰੀ ਹਸਪਤਾਲ ਵਿਚ ਪਿਛਲੇ ਕੁਝ ਸਾਲਾਂ ਵਿਚ ਵੀਹ ਹਜ਼ਾਰ ਤੋਂ ਉਤੇ ਕੈਂਸਰ ਮਰੀਜ਼ ਆਏ ਨੇ। ਜ਼ਿੰਦਗੀ ਲਈ ਤਰਸਦੇ ਨੇ ਲੋਕ।

*(ਅਧਿਆਪਕਾ ਦਾਖਲ ਹੁੰਦੀ ਹੈ)*

ਅਧਿਆਪਕਾ : ਸਿਰਫ ਕੈਂਸਰ ਹੀ ਨਹੀਂ। ਹੋਰ ਵੀ ਅਣਗਿਣਤ ਬਿਮਾਰੀਆਂ ਨੇ।

ਪੰਜਵਾਂ : ਤੂੰ ਕੌਣ ਏਂ ਬੀਬੀ?

ਅਧਿਆਪਕਾ : ਵੀਰੇ, ਮੈਂ ਮਾਣੀਏਂਵਾਲ ਸਕੂਲ 'ਚ ਪੜ੍ਹਾਉਂਦੀ ਹਾਂ। ਏਸ ਪਿੰਡ ਦੇ ਲਾਗੇ ਬੁੱਢਾ ਦਰਿਆ ਸਤਲੁਜ ਵਿਚ ਮਿਲਦੇ। ਸਕੂਲ ਵਿਚ ਬਹੁਤ ਘੱਟ ਤੰਦਰੁਸਤ ਬੱਚੇ ਹਨ। ਕਿਸੇ ਦੀਆਂ ਹੱਡੀਆਂ ਕਮਜ਼ੋਰ ਨੇ, ਕਿਸੇ ਦੇ ਦੰਦ ਗਲ਼ੇ ਹੋਏ ਨੇ। ਕਈਆਂ ਦੇ ਪੇਟ ਦੁਖਦੇ ਰਹਿੰਦੇ ਨੇ, ਪੇਟ ਵਿਚ ਫੋੜੇ ਨੇ, ਪਥਰੀਆਂ ਨੇ। ਕਈਆਂ ਦੀ ਚਮੜੀ ਖਰਾਬ ਹੈ, ਰਿਸਦੇ ਫੋੜੇ ਦੇਖੇ ਨਹੀਂ ਜਾਂਦੇ। ਬਹੁਤੇ ਬੱਚਿਆਂ ਦਾ ਸਿਰ ਦੁਖਦਾ ਰਹਿੰਦਾ। ਹਰ ਸਾਲ ਪਹਿਲਾਂ ਨਾਲੋਂ ਦਿਮਾਗੀ ਤੌਰ ਤੇ ਕਮਜ਼ੋਰ ਤੋਂ ਕਮਜ਼ੋਰ ਬੱਚੇ ਦਾਖਲ ਹੋ ਰਹੇ ਨੇ। *(ਰੋਣਹਾਕੀ ਹੋ ਜਾਂਦੀ ਹੈ)* ਇਹਨਾਂ ਬੱਚਿਆਂ ਨੂੰ ਦੇਖ ਕੇ ਰੋਣ ਆਉਂਦਾ ਹੈ।

ਚੌਥਾ : ਫਿਰ ਤਾਂ ਹੌਲੀ ਹੌਲੀ ਜਮਾਂਦਰੂ ਅਪੰਗ ਬੱਚੇ ਪੈਦਾ ਹੋਣੇ ਸ਼ੁਰੂ ਹੋ ਜਾਣਗੇ।

ਅਧਿਆਪਕਾ : ਹੋ ਨਹੀਂ ਜਾਣਗੇ ਭਰਾਵੋ, ਇਲਾਕੇ ਵਿਚ ਵੱਡੀ ਗਿਣਤੀ ਵਿਚ ਅਪੰਗ ਬੱਚੇ ਪੈਦਾ ਹੋਣੇ ਸ਼ੁਰੂ ਹੋ ਗਏ ਨੇ। ਮੰਦ

ਬੁੱਧੀ ਬੱਚੇ ਪੈਦਾ ਹੋ ਰਹੇ ਨੇ।

*(ਕਿਸਾਨ ਦਾਖਲ ਹੁੰਦਾ ਹੈ)*

ਕਿਸਾਨ : ਹਾਏ ਓ ਰੱਬਾ ਮੈਂ ਲੁੱਟਿਆ ਗਿਆ, ਓਏ ਮੈਂ ਮਾਰਿਆ ਗਿਆ। ਹਾਏ..

*(ਸਾਰੇ ਠਠੰਬਰ ਜਾਂਦੇ ਹਨ)*

ਪਹਿਲਾ : ਤੂੰ ਕੌਣ ਏਂ ਵੀਰ?

ਕਿਸਾਨ : ਮੈਂ ਅਗਾਂਹ ਵਧੂ ਕਿਸਾਨ ਬਣਨ ਲੱਗਾ ਸੀ। ਤੇ ਪਿਛਲਾ ਵੀ ਸਭ ਕੁਛ ਗੁਆ ਲਿਆ।

ਦੂਸਰਾ : ਕਿਥੋਂ ਆਇਆ ਏਂ ਤੂੰ?

ਕਿਸਾਨ : ਮੈਂ ਕਿਤੇ ਜੋਗਾ ਨਹੀਂ ਰਿਹਾ।

ਤੀਸਰਾ : ਕੁਝ ਦੱਸੇਂ ਤਾਂ ਪਤਾ ਲੱਗੇ।

ਕਿਸਾਨ : ਮੈਂ ਤੁਹਾਨੂੰ ਇਹੀ ਦੱਸਣਾਂ ਕਿ ਤੁਹਾਡੀ ਕਾਲ਼ੀ ਕਮਾਈ ਤੇ ਕਾਲੀ ਕਰਗੁਜ਼ਾਰੀ ਕਰਕੇ ਮੈਂ ਖ਼ੁਦਕੁਛੀ ਕਰਨ ਲਈ ਮਜ਼ਬੂਰ ਹਾਂ।

ਚੌਥਾ : ਅਸੀਂ ਤੇਰਾ ਕੀ ਵਿਗਾੜਿਆ?

ਕਿਸਾਨ : ਵਿਗਾੜਿਆ? ਓਏ ਤੁਸੀਂ ਮੇਰਾ ਛੱਡਿਆ ਈ ਕੁਛ ਨਹੀਂ।

*(ਰੋਈ ਜਾਂਦਾ ਹੈ)*

ਕਿਸਾਨ : *(ਆਪਣੇ ਆਪ 'ਤੇ ਕਾਬੂ ਕਰਕੇ)* ਅਬੋਹਰ ਦੇ ਇਲਾਕੇ 'ਚ ਥੋੜ੍ਹੀ ਜਹੀ ਪੈਲ਼ੀ ਸੀ ਮੇਰੀ। ਕਿੰਨੂਆਂ ਦਾ ਬਾਗ ਲਾਇਆ। ਚਾਰ ਸਾਲ ਬੂਟੇ ਪਾਲਦੇ ਰਹੇ। ਪਹਿਲਾ ਫ਼ਲ ਠੀਕ ਠਾਕ ਲੱਗਿਆ। ਦੂਜੇ ਸਾਲ ਅੱਧਾ ਹੀ ਲੱਗਿਆ, ਤੀਸਰੇ ਸਾਲ ਬਿਲਕੁਲ ਥੋੜ੍ਹਾ ਜਿਹਾ। ਮਾਹਿਰ ਕਹਿੰਦੇ ਹੇਠਲੇ ਪਾਣੀ 'ਚ ਕੈਮੀਕਲ ਆ ਗਏ। ਬਾਗ ਪੁੱਟਣਾ ਪਿਆ।

ਚੌਥਾ : ਓ ਹੋ।

ਕਿਸਾਨ : ਸੇਮ ਦਾ ਅਸਰ ਹੋਣ ਕਰਕੇ ਜ਼ਮੀਨ ਦੀ ਗਾਹਕੀ ਕੋਈ ਨਹੀਂ। ਯੂਨੀਵਰਸਿਟੀ ਤੋਂ ਸ਼ਹਿਦ ਦੀਆਂ ਮੱਖੀਆਂ ਪਾਲਣ ਦੀ ਟ੍ਰੇਨਿੰਗ ਲਈ। ਬੈਂਕ ਨੂੰ ਸਾਰੀ ਜ਼ਮੀਨ ਗਹਿਣੇ ਰੱਖ ਕੇ ਕਰਜ਼ਾ ਲਿਆ। ਕੁਝ ਰਕਮ ਰਿਸ਼ਤੇਦਾਰਾਂ ਤੇ ਜਾਣਕਾਰਾਂ ਤੋਂ ਹੱਥ ਉਧਾਰ ਲਈ। ਸ਼ਹਿਦ ਦੀਆਂ ਮੱਖੀਆਂ ਦੇ ਪੰਜ ਸੌ ਡੱਬੇ ਖ਼੍ਰੀਦੇ। ਗੰਗ ਨਹਿਰ ਦੇ ਆਸ ਪਾਸ ਰੱਖੇ। ਥੋੜ੍ਹੀ ਜਿਹੀ ਗਰਮੀ ਤੇ ਸੋਕਾ ਪਿਆ, ਤਿੰਨ ਦਿਨਾਂ 'ਚ ਸਾਰੀ ਮੱਖੀ ਮਰ ਗਈ। ਮੱਖੀਆਂ ਨਹਿਰ ਦੇ ਜ਼ਹਿਰੀਲੇ ਪਾਣੀ ਕਾਰਨ ਮਰ ਗਈਆਂ।

*(ਰੋਂਦਾ ਹੈ)*

ਪੰਜਵਾਂ : ਆਏ ਹਾਏ।

ਕਿਸਾਨ : *(ਰੋ ਕੇ)* ਨਾ ਬਾਗ ਰਿਹਾ, ਨਾ ਜ਼ਮੀਨ ਰਹੀ ਨਾ ਮੱਖੀਆਂ ਰਹੀਆਂ। ਕੋਈ ਅਮਦਨ ਦਾ ਜ਼ਰੀਆ ਨਹੀਂ ਰਿਹਾ। ਸਿਰਫ ਲੱਖਾਂ ਦਾ ਕਰਜ਼ਾ ਰਹਿ ਗਿਆ।

*(ਫਿਰ ਰੋਣ ਲੱਗਦਾ ਹੈ, ਸੋਗੀ ਵਕਫ਼ਾ)*
*(ਕਿਸਾਨ ਅੱਖਾਂ ਪੂੰਝਦਾ ਡਿੱਕ ਡੋਲੇ ਖਾਂਦਾ, ਪੈਰ ਘਸੀਟਦਾ ਬਾਹਰ ਚਲਾ ਜਾਂਦਾ ਹੈ)*

ਰਾਜਸਥਾਨੀ : ਆਪਣੈ ਲੋਗਾਂ ਦਾ ਭੀ ਭਲੋ ਸੋਚੋ ਅਰ ਮਾਹਰੋ ਭੀ। *(ਜਾਂਦਾ ਹੋਇਆ ਪ੍ਰਾਰਥਨਾ ਵਾਂਗ ਹੱਥ ਜੋੜ ਕੇ)* ਸਰਵੇ ਵਿਭੰਤੂ ਸੁਖੀਨਾ।

ਅਧਿਆਪਕਾ : *(ਜਾਂਦੀ ਹੋਈ)* ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

*(ਸਾਰੇ ਨੀਵੀਂ ਪਾਈ, ਏਧਰ ਉਧਰ ਘੁੰਮ ਕੇ ਸੋਚਦੇ ਹਨ)*

ਪਹਿਲਾ : ਲਗਦਾ ਮੇਰਾ ਸਰਬੱਤ ਦਾ ਭਲਾ ਸੋਚਣ ਤੇ ਕਰਨ ਦਾ

ਮਾਦਾ ਈ ਮਰ ਗਿਆ। ਬੱਸ ਆਪਣੀ ਮਸ਼ਹੂਰੀ ਤੇ ਚਰਚਾ ਕਰਾਉਣ ਦਾ ਹਲ਼ਕ ਛੁੱਟਿਆ ਰਹਿੰਦਾ।

*(ਗਾਇਨ)*

ਆਪਸ ਕਉ ਜੋ ਭਲਾ ਕਹਾਵੈ॥

ਤਿਸਹਿ ਭਲਾਈ ਨਿਕਟਿ ਨ ਆਵੈ॥

ਦੂਜਾ : ਮੇਰੀ ਚੌਧਰ ਦੀ ਭੁੱਖ ਬਹੁਤ ਵਧ ਗਈ। ਭਲਾਈ ਦੀ ਥਾਂ ਕੁਰਸੀ ਬਾਰੇ ਸੋਚਦਾ ਰਹਿਨਾਂ।

*(ਗਾਇਨ)*

ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ॥

ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥

ਤੀਸਰਾ : ਮੈਂ ਪੈਸੇ ਦੀ ਦੌੜ 'ਚ ਪੈ ਕੇ ਅੰਨ੍ਹਾਂ ਹੋ ਗਿਆ ਹਾਂ।

*(ਗਾਇਨ)*

ਮਾਇਆਧਾਰੀ ਅਤਿ ਅੰਨਾ ਬੋਲਾ॥

ਸਬਦੁ ਨ ਸੁਣਈ ਬਹੁ ਰੋਲ ਘਚੋਲਾ॥

ਚੌਥਾ : ਮੈਨੂੰ ਇਹ ਤਾਂ ਪਤਾ ਸਰਕਾਰ ਨੂੰ ਕੀ ਕਰਨਾ ਚਾਹੀਦਾ, ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਨੂੰ ਕੀ ਕਰਨਾ ਚਾਹੀਦਾ, ਅਫਸਰਾਂ ਨੂੰ ਕੀ ਕਰਨਾ ਚਾਹੀਦਾ, ਮੁਹੱਲਾ ਕਮੇਟੀ ਨੂੰ ਕੀ ਕਰਨਾ ਚਾਹੀਦਾ, ਗਵਾਂਢੀਆਂ ਨੂੰ ਕੀ ਕਰਨਾ ਚਾਹੀਦਾ, ਘਰ ਦੇ ਬਾਕੀ ਜੀਆਂ ਨੂੰ ਕੀ ਕਰਨਾ ਚਾਹੀਦਾ। *(ਰੁਕ ਕੇ)* ਬੱਸ ਇਹੀ ਨਹੀਂ ਪਤਾ ਹੁੰਦਾ ਕਿ ਮੈਨੂੰ ਕੀ ਕਰਨਾ ਚਾਹੀਦਾ।

*(ਗਾਇਨ)*

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥

ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥

ਬੁੱਢਾ ਦਰਿਆ : ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਪ੍ਰਭਾਵਤ ਲੋਕਾਂ

ਦੀ ਵਿਥਿਆ ਤੇ ਵੇਦਨਾ ਸੁਣੀ। ਮੇਰੀਆਂ ਤੱਤੀਆਂ ਠੰਢੀਆਂ ਸੁਣੀਆਂ।

ਪੰਜਵਾਂ : ਠੰਡੀਆਂ ਘੱਟ ਸੀ, ਜ਼ਿਆਦਾ ਤਾਂ ਤੱਤੀਆਂ ਹੀ ਸੀ।

ਬੁੱਢਾ ਦਰਿਆ : ਹਾਂ, ਜੀਅ ਤਾਂ ਮੇਰਾ ਤੁਹਾਡੇ ਨਾਲ ਪਿਆਰ ਨਾਲ ਗੱਲ ਕਰਨ ਨੂੰ ਹੀ ਕਰਦਾ ਸੀ, ਤੁਸੀਂ ਮੇਰੀ ਸੁਣਦੇ ਈ ਨਹੀਂ ਸੀ, ਮੈਂ ਤੈਸ਼ ਵਿਚ ਆ ਗਿਆ। ਆਪਣੀ ਦਰਿਆ ਦਿਲੀ ਛੱਡ ਬੈਠਾ।

ਪੰਜਵਾਂ : ਇਸ ਵਿਚ ਤੇਰਾ ਵੀ ਕੀ ਕਸੂਰ? ਜਦ ਅਸੀਂ ਤੈਨੂੰ ਦਰਿਆ ਹੀ ਨਹੀਂ ਰਹਿਣ ਦਿੱਤਾ, ਦਰਿਆ ਦਿਲੀ ਕਿਥੋਂ ਬਚਣੀ ਸੀ?

ਪਹਿਲਾ : ਤੁਸੀਂ ਬਹੁਤ ਮੁੱਲਵਾਨ ਜਾਣਕਾਰੀ ਦਿੱਤੀ।

ਦੂਸਰਾ : ਸਾਨੂੰ ਤਾਂ ਇਹਨਾਂ ਗੱਲਾਂ ਦਾ ਪਤਾ ਹੀ ਨਹੀਂ ਸੀ।

ਤੀਸਰਾ : ਸਾਡੀ ਆਤਮਾ ਨੂੰ ਝੰਜੋੜਨ ਲਈ ਸ਼ੁਕਰੀਆ।

ਚੌਥਾ : ਤੁਸੀਂ ਤਾਂ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ।

ਅਵਾਜ਼ : ਪਰ ਮੇਰੀਆਂ ਖੋਲ੍ਹੀਆਂ ਅੱਖਾਂ ਨੂੰ ਹੁਣ ਖੁੱਲ੍ਹੀਆਂ ਰੱਖਣਾ ਤੁਹਾਡਾ ਕੰਮ ਹੈ। ਕਿਸੇ ਹੋਰ ਦੇ ਕਹਿਣ ਨਾਲ ਖੁੱਲ੍ਹਣ ਵਾਲੀਆਂ ਅੱਖਾਂ ਮਹੌਲ ਦੇ ਅਸਰ ਨਾਲ ਦੁਬਾਰਾ ਬੰਦ ਹੋਣ ਨੂੰ ਬਹੁਤਾ ਚਿਰ ਨਹੀਂ ਲਗਦਾ ਹੁੰਦਾ ਪੁੱਤਰੋ।

ਪਹਿਲਾ : ਮੈਂ ਹੁਣ ਚੱਲਦਾ ਹਾਂ। ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸੱਚੇ ਪਾਤਸ਼ਾਹ ਦੇ ਸਾਢੇ ਪੰਜ ਸੌਵੇਂ ਅਵਤਾਰ ਪੁਰਬ ਮਨਾਉਣ ਦੀਆਂ ਤਿਆਰੀਆਂ ਕਰਨੀਆਂ ਹਨ।

ਬੁੱਢਾ ਦਰਿਆ : ਜੀਅ ਸਦਕੇ ਮਨਾਓ ਪੁਰਬ ਤੇ ਸ਼ਤਾਬਦੀਆਂ। ਪਰ

ਜਿਹਨਾਂ ਦੇ ਪੁਰਬ ਮਨਾਉਂਦੇ ਹੋ ਉਹਨਾਂ ਦੀਆਂ ਆਖੀਆਂ ਗੱਲਾਂ 'ਤੇ ਵੀ ਗੌਰ ਕਰਿਓ। ਪੁਰਬ ਮਨਾਉਂਦੇ, ਗੱਡੀਆਂ ਭਜਾਉਂਦੇ, ਧੂੜਾਂ ਉਡਾਉਂਦੇ, ਤੇਲ ਫੂਕਦੇ ਹਵਾ ਨੂੰ ਹੋਰ ਦੂਸ਼ਿਤ ਨਾ ਕਰਿਓ, ਪਵਨ ਗੁਰੂ ਦਾ ਖਿਆਲ ਰੱਖਿਓ। ਲਾਊਡ ਸਪੀਕਰਾਂ ਤੇ ਪਟਾਕਿਆਂ ਨਾਲ ਖੋਰੂ ਪੱਟ ਕੇ ਕਾਦਰ ਦੇ ਜੀਆ ਜੰਤ ਨੂੰ ਬੇਅਰਾਮ ਨਾ ਕਰਿਓ।

ਪਹਿਲਾ : ਜੀ ਬਿਲਕੁਲ।

ਆਵਾਜ਼ : ਨਾਲੇ ਸੰਗਤ ਨਾਲ ਸਲਾਹ ਕਰਕੇ ਆਪਣੇ ਬੁੱਢੇ ਦਰਿਆ ਬਾਰੇ ਕੁਝ ਚੰਗਾ ਕਰਨ ਦੀ ਸੋਚਿਓ, ਗੁਰੂ ਭਲਾ ਕਰੂ।

ਪਹਿਲਾ : ਜੀ *(ਹੱਥ ਜੋੜ ਕੇ ਚਲਾ ਜਾਂਦਾ ਹੈ)*

ਦੂਸਰਾ : ਮੈਂ ਵੀ ਚੱਲਦਾਂ। ਚੋਣਾਂ ਆ ਰਹੀਆਂ। ਵਰਕਰਾਂ ਦੀਆ ਮੀਟਿੰਗਾਂ ਕਰਾਉਣੀਆਂ।

ਬੁੱਢਾ ਦਰਿਆ : ਜੰਮ ਜੰਮ ਕਰਾਓ ਮੀਟਿੰਗਾਂ, ਜੰਮ ਜੰਮ ਲੜੋ ਚੋਣਾਂ। ਪੈਸਾ ਤੇ ਤਾਕਤ ਬਟੋਰਨ ਦੀ ਥਾਂ ਸਰਬਤ ਦੇ ਭਲੇ ਦੀ ਰਾਜਨੀਤੀ ਕਰਨਾ। ਸਾਫ ਪੌਣ ਪਾਣੀ ਸਭ ਦੀ ਲੋੜ ਹੈ, ਇਸ ਨੂੰ ਏਜੰਡੇ ਤੇ ਰੱਖਣਾ। ਸੱਤਾ ਨਾਲੋਂ ਜ਼ਿੰਦਗੀ ਜ਼ਿਆਦਾ ਜ਼ਰੂਰੀ ਹੈ ਮੇਰੇ ਬੱਚਿਓ।

ਦੂਸਰਾ : ਠੀਕ *(ਚਲਾ ਜਾਂਦਾ ਹੈ)*

ਤੀਸਰਾ : ਮੈਂ ਵੀ ਚੱਲਦਾ ਹਾਂ। ਸਮਾਰਟ ਸਿਟੀ ਵਾਲੀ ਕਮੇਟੀ ਦੀ ਮੀਟਿੰਗ ਹੈ।

ਬੁੱਢਾ ਦਰਿਆ : ਹੁੱਬ ਹੁੱਬ ਕਰੋ ਮੀਟਿੰਗਾਂ। ਪਰ ਆਪਣੀ ਸਮਾਰਟ ਸਿਟੀ ਬਣਾਉਣ ਵਾਲੀ ਕਮੇਟੀ ਨਾਲ ਮੇਰੇ ਬਾਰੇ ਗੱਲ ਜ਼ਰੂਰ ਕਰਨਾ। ਮੈਨੂੰ ਸਾਫ ਸੁਥਰਾ ਅਤੇ ਸੋਹਣਾ ਕੀਤੇ ਬਿਨਾ ਸ਼ਹਿਰ ਸਮਾਰਟ ਨਹੀਂ ਬਣ ਸਕਦਾ।

ਸੁਰਖੀ ਬਿੰਦੀ ਲਾਉਣ ਤੋਂ ਪਹਿਲਾਂ ਚਿੱਤੜ ਧੋਣੇ ਜ਼ਿਆਦਾ ਜ਼ਰੂਰੀ ਹੁੰਦੇ।

ਤੀਸਰਾ : ਮੈਂ ਜ਼ਰੂਰ ਗੱਲ ਕਰਾਂਗਾ। *(ਚਲਾ ਜਾਂਦਾ ਹੈ)*

ਚੌਥਾ : ਮੈਨੂੰ ਵੀ ਆਗਿਆ ਦਿਓ। ਬੱਚੇ ਨੂੰ ਟਿਊਸ਼ਨ ਤੋਂ ਲੈ ਕੇ ਆਉਣਾ ਹੈ।

ਬੁੱਢਾ ਦਰਿਆ : ਬੱਚਿਆਂ ਨੂੰ ਪੇਪਰਾਂ, ਨੰਬਰਾਂ, ਡਿਗਰੀਆਂ ਜੋਗੇ ਹੀ ਨਾ ਰੱਖਿਓ। ਚੰਗੇਰੀ ਜ਼ਿੰਦਗੀ ਵੀ ਸਿਖਾਇਓ। ਚੰਗੇ ਤੇ ਸਾਂਝੇ ਕੰਮਾਂ ਦੀ ਲਗਨ ਲਾਇਓ। ਪਾਣੀ ਦੀ ਫਜ਼ੂਲ ਖਰਚੀ ਦੀ ਬਜਾਏ ਸੰਜਮ ਸਿਖਾਇਓ। ਇਹ ਸਭ ਬੋਲ ਕੇ ਨਹੀਂ ਸਿਖਾ ਸਕਦੇ। ਆਪ ਕਰ ਕੇ ਦਿਖਾਇਓ।

ਚੌਥਾ : ਮੈਂ ਸਮਝ ਗਿਆ।

*(ਚੌਥਾ ਚਲਾ ਜਾਂਦਾ ਹੈ, ਪੰਜਵਾਂ ਬੈਠ ਕੇ ਅਖ਼ਬਾਰ ਪੜ੍ਹਦਾ ਹੈ, ਨਾਮਧਾਰੀ ਦਾਖਲ ਹੁੰਦਾ ਹੈ)*

ਨਾਮਧਾਰੀ : ਮੈਂ ਦਰਸ਼ਕਾਂ 'ਚ ਬੈਠਾ ਆਪ ਦਾ ਇਤਿਹਾਸ ਸੁਣ ਰਿਹਾ ਸੀ। ਆਪ ਨੂੰ ਬਹੁਤ ਬਹੁਤ ਸਤਿਕਾਰ ਤੇ ਨਮਸਕਾਰ ਬਾਬਾ ਜੀ।

ਬੁੱਢਾ ਦਰਿਆ : ਨਮਸਕਾਰ। ਮੈਨੂੰ ਸਤਿਕਾਰ ਨਾਲੋਂ ਜ਼ਿਆਦਾ ਸੁਧਾਰ ਦੀ ਲੋੜ ਹੈ।ਨਮਸਕਾਰਨ ਦੀ ਥਾਂ ਸੁਆਰਨ ਦੀ ਲੋੜ ਹੈ।

ਨਾਮਧਾਰੀ : ਮੈਂ ਤਾਂ ਭੈਣੀ ਸਾਹਿਬ ਜਾ ਰਿਹਾ ਸੀ।ਮਾਛੀਵਾੜੇ ਦੇ ਰਸਤੇ ਵਿਚ ਹੀ ਹੈ।

ਬੁੱਢਾ ਦਰਿਆ : ਲੈ ਦੱਸ, ਮੈਨੂੰ ਭੁੱਲਿਆ ਹੋਇਆ। ਭੈਣੀ ਸਾਹਿਬ ਤੇ ਸਤਲੁਜ ਦੇ ਵਿਚਾਲੇ ਹੀ ਤਾਂ ਮੈਂ ਵਗਦਾਂ।

ਨਾਮਧਾਰੀ : ਸਤਿਗੁਰੂ ਰਾਮ ਸਿੰਘ ਦੇ ਜੀਵਨ ਦਾ ਵੀ ਬੜਾ ਸਬੰਧ

ਹੈ ਆਪ ਜੀ ਨਾਲ।

ਬੁੱਢਾ ਦਰਿਆ : ਫਿਰ ਤੁਸੀਂ ਵੀ ਤਾਂ ਆਪਣਾ ਸਬੰਧ ਜੋੜੋ ਮੇਰੇ ਨਾਲ।

ਨਾਮਧਾਰੀ : ਸਤਿਗੁਰੂ ਰਾਮ ਸਿੰਘ ਕ੍ਰਿਪਾ ਕਰਨਗੇ।

ਬੁੱਢਾ ਦਰਿਆ : ਉਹਨਾਂ ਤਾਂ ਬਹੁਤ ਕ੍ਰਿਪਾ ਕੀਤੀ। ਅੰਗਰੇਜ਼ ਦੇ ਰਾਜ ਵਿਚ ਸੂਰਜ ਨਹੀਂ ਸੀ ਛਿਪਦਾ। ਜਦੋਂ ਕੋਈ ਸੋਚ ਵੀ ਨਹੀਂ ਸੀ ਸਕਦਾ ਅੰਗਰੇਜ਼ਾਂ ਤੋਂ ਅਜ਼ਾਦੀ ਬਾਰੇ, ਉਹਨਾਂ ਦੇਸ਼ ਨੂੰ ਗੁਲਾਮੀ ਤੋਂ ਮੁਕਤ ਕਰਾਉਣ ਦਾ ਹੋਕਾ ਦਿੱਤਾ। ਕੂਕੇ ਸਿੱਖਾਂ ਨੇ ਕੂਕ ਕੂਕ ਦੇਸ਼ ਵਾਸੀਆਂ ਨੂੰ ਗੁਲਾਮੀ ਵਿਰੁੱਧ ਉੱਠ ਖਲੋਣ ਲਈ ਜਗਾਇਆ।

ਨਾਮਧਾਰੀ : ਧੰਨ ਸਤਿਗੁਰੂ ਰਾਮ ਸਿੰਘ।

ਬੁੱਢਾ ਦਰਿਆ : ਅੱਜ ਤੁਹਾਡੇ ਹਵਾ ਤੇ ਪਾਣੀ ਪ੍ਰਦੂਸ਼ਨ ਦੇ ਗੁਲਾਮ ਨੇ। ਜ਼ਿੰਦਗੀ ਪ੍ਰਦੂਸ਼ਨ ਦੀ ਗੁਲਾਮ ਹੈ। ਇਹ ਗੁਲਾਮੀ ਸਭ ਤੋਂ ਖ਼ਤਰਨਾਕ ਹੈ। ਇਸ ਵਿਰੁੱਧ ਜੰਗ ਦਾ ਬਿਗਲ ਤੁਹਾਡੇ ਭੈਣੀ ਸਾਹਿਬ ਤੋਂ ਵੱਜਣਾ ਚਾਹੀਦਾ ਹੈ। ਕੂਕਿਆਂ ਦੇ ਦੁਧੀਆ ਵਸਤਰਾਂ ਦੀ ਲਾਜ ਤਾਂ ਹੀ ਬਚੇਗੀ ਜੇ ਅਚਾਰ ਤੇ ਕਿਰਦਾਰ ਦੀ ਉੱਚਤਾ ਦੇ ਨਾਲ ਨਾਲ ਵਿਹਾਰ ਤੇ ਵਪਾਰ ਦੀ ਸੁੱਚਤਾ ਦਾ ਸੰਦੇਸ਼ ਫੈਲਾਉਣ ਲਈ ਕੂਕ ਪੁਕਾਰ ਕਰੋਗੇ।

ਨਾਮਧਾਰੀ : *(ਹੱਥ ਜੋੜ ਕੇ)* ਜੀ ਮੈਂ ਹੋਰ ਸੰਗਤ ਨੂੰ ਨਾਲ ਲੈ ਕੇ ਦਰਬਾਰ ਵਿਚ ਅਰਜ਼ ਕਰਾਂਗਾ।

*(ਜਾਂਦਾ ਹੈ)*

ਬੁੱਢਾ ਦਰਿਆ : *(ਪੰਜਵੇਂ ਨੂੰ)* ਹਾਂ ਬਈ, ਤੂੰ ਨਹੀਂ ਜਾਣਾ ਕਿਤੇ?

ਪੰਜਵਾਂ : ਨਾ, ਮੈਂ ਤਾਂ ਪਹਿਲਾਂ ਦੱਸਿਆ, ਮੈਂ ਤਾਂ ਰਹੂੰ ਏਥੇ ਹੀ ਤੇਰੇ ਨੇੜੇ ਤੇੜੇ। ਵਿਸ਼ੇਸ਼ ਸਿੰਘ ਵਜ਼ੀਰ ਗਿਆ। ਅਮੀਰ ਚੰਦ ਖਾਸ ਗਿਆ। ਧਨੀ ਰਾਮ ਧੱਕੜ ਵੀ ਗਿਆ। ਤੀਸ

ਮਾਰ ਖਾਨ ਵੀ ਗਿਆ। ਸਭ ਗਏ। *(ਆਪਣੇ ਵੱਲ ਇਸ਼ਾਰਾ ਕਰਕੇ)* ਮੈਂ ਹਾਂ ਆਮ ਦਾਸ ਗਰੀਬ, ਮੈਂ ਏਥੇ ਈ ਰਹੂੰ। ਕਿਤੇ ਜਾਣ ਜੋਗਾ ਈ ਨਹੀਂ।

*( ਪੰਜਵਾਂ ਲੱਤ 'ਤੇ ਲੱਤ ਰੱਖ ਕੇ ਅਖ਼ਬਾਰ ਪੜ੍ਹੀ ਜਾਂਦਾ ਹੈ। ਅਚਾਨਕ ਉੱਠ ਕੇ ਖ਼ੁਸ਼ੀ ਨਾਲ ਨੱਚਣ ਲੱਗ ਜਾਂਦਾ ਹੈ)*

ਪੰਜਵਾਂ : ਓਹੋ...ਆਹਾ...ਓਹੋ...ਆਹਾ...ਬੱਲੇ ਬੱਲੇ ਬੱਲੇ ਬੱਲੇ...

ਬੁੱਢਾ ਦਰਿਆ : ਨਾ ਤੈਨੂੰ ਹੁਣ ਕੀ ਹੋ ਗਿਆ ਭੂੰਡ ਪਟਾਕੇ ਨੂੰ?

ਪੰਜਵਾਂ : *(ਨੱਚਦਾ ਨੱਚਦਾ ਗਾਉਂਦਾ ਹੈ)*

ਆ ਗਿਆ ਨਜ਼ਾਰਾ ਹੋ
ਹੋ ਗਿਆ ਚਿੱਤ ਕਰਾਰਾ
ਆ ਗਿਆ ਨਜ਼ਾਰਾ ਹੋ
ਮੇਰਾ ਹੋ ਗਿਆ ਚਿੱਤ ਕਰਾਰਾ

ਬੁੱਢਾ ਦਰਿਆ : ਨਾ ਤੈਨੂੰ ਕਾਹਦਾ ਨਜ਼ਾਰਾ ਆਈ ਜਾਂਦਾ ਮਲੰਗ ਨੂੰ?

ਪੰਜਵਾਂ : *(ਨੱਚੀ ਜਾਂਦਾ ਹੈ)*

ਬਹਿ ਕੇ ਦੇਖ ਜੁਆਨਾ
ਕਰ ਦਿੱਤਾ ਜੁਰਮਾਨਾ
ਬਹਿ ਕੇ ਦੇਖ ਜੁਆਨਾ
ਕਰ ਦਿੱਤਾ ਜੁਰਮਾਨਾ
ਚੱਲਣਾ ਨਹੀਂ ਬਹਾਨਾ
ਭਰਨਾ ਪਊ ਹਰਜਾਨਾ ਹੋ ਹੋ

ਬੁੱਢਾ ਦਰਿਆ : ਕਿੰਨਾ ਕਰ ਦਿੱਤਾ ਜੁਰਮਾਨਾ? ਕੀਹਨੂੰ ਭਰਨਾ ਪਊ ਹਰਜਾਨਾ?

ਪੰਜਵਾਂ : *(ਬੋਲੀ ਪਾਉਂਦਾ ਹੈ)*

ਹੋ ਬਾਰ੍ਹੀਂ ਬਰਸੀਂ ਖੱਟਣ ਗਿਆ ਸੀ
ਬਾਰ੍ਹੀਂ ਬਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਂਦਾ ਕਾਨਾ
ਵੱਡੀ 'ਦਾਲਤ ਨੇ
ਹੋ.... ਵੱਡੀ 'ਦਾਲਤ ਨੇ ਠੋਕ ਦਿੱਤਾ ਏ ਫਾਨਾ
ਪੰਜਾਬ ਗੌਰਮਿੰਟ ਨੂੰ
ਹੋ..... ਪੰਜਾਬ ਗੌਰਮਿੰਟ ਨੂੰ ਪੰਜਾਹ ਕਰੋੜ ਜੁਰਮਾਨਾ
ਵਿਚ ਕਚਹਿਰੀ ਦੇ ਹੋ....
ਵਿਚ ਕਚਹਿਰੀ ਦੇ ਭਰਨਾ ਪਊ ਹਰਜਾਨਾ
ਨੀਵੀਂ ਪਾਉਂਦਿਆਂ ਨੂੰ ਦੇਖੂ ਕੁੱਲ ਜਮਾਨਾ

*(ਕੱਛਾਂ ਵਜਾ ਕੇ ਭੰਗੜਾ ਪਾਉਂਦਾ ਹੈ)*

ਨੀਵੀਂ ਪਾਉਂਦਿਆਂ ਨੂੰ ਦੇਖੂ ਕੁੱਲ ਜਮਾਨਾ

ਬੁੱਢਾ ਦਰਿਆ : ਓਏ ਮਾਈਕਲ ਜੈਕਸਨ ਦੀ ਦੇਸੀ ਵਰਸ਼ਨ। ਹੋਇਆ ਕੀ? ਮੈਨੂੰ ਵੀ ਦੱਸ।

ਪੰਜਵਾਂ : ਤੇਰਾ ਕੰਮ ਬਣ ਗਿਆ ਬਾਪੂ ਬੁੱਢਾ ਸਿਆਂ। ਮੁਬਾਰਕਾਂ।

ਬੁੱਢਾ ਦਰਿਆ : ਕਾਹਦੀਆਂ ਮੁਬਾਰਕਾਂ? ਕਿਹੜਾ ਕੰਮ ਬਣ ਗਿਆ ਮੇਰਾ?

ਪੰਜਵਾਂ : ਸੁਣੀ ਜਾਊ ਹੁਣ ਤੇਰੀ।

ਬੁੱਢਾ ਦਰਿਆ : ਉਹ ਕਿਵੇਂ?

*(ਪੰਜਵਾਂ ਅਖਬਾਰ ਪੜ੍ਹਨ ਦਾ ਅਭਿਨੈ ਕਰਦਾ ਹੈ। ਟੀ ਵੀ 'ਤੇ ਖ਼ਬਰਾਂ ਪੜ੍ਹਨ ਦੇ ਅੰਦਾਜ਼*

*ਵਿਚ ਬੋਲਦਾ ਹੈ)*

ਪੰਜਵਾਂ : ਨਵੀਂ ਦਿੱਲੀ: ਅੱਜ ਰਾਸ਼ਟਰੀ ਗਰੀਨ ਟ੍ਰਿਬਿਊਨਲ ਨੇ ਲੁਧਿਆਣਾ ਦੇ ਬੁੱਢਾ ਦਰਿਆ ਦੇ ਪ੍ਰਦੂਸ਼ਨ ਕਾਰਨ ਪੰਜਾਬ ਸਰਕਾਰ ਨੂੰ ਠੋਕਿਆ ਪੰਜਾਹ ਕਰੋੜ ਰੁਪਏ ਦਾ ਜਰੁਮਾਨਾ। ...ਟੈਂਅ ਟੜੈਂ।

ਬੁੱਢਾ ਦਰਿਆ : ਇਹਦੇ ਵਿਚ ਏਨੀਆਂ ਚਾਂਭੜਾਂ ਪਾਉਣ ਵਾਲੀ ਕਿਹੜੀ ਗੱਲ ਹੈ? ਪੰਜਾਬ ਸਰਕਾਰ ਵੀ ਤੇਰੀ ਤੇ ਜੁਰਮਾਨਾ ਵੀ ਤੇਰੀ ਜੇਬ ਵਿਚੋਂ ਹੀ ਜਾਣਾ।

ਪੰਜਵਾਂ : ਮੇਰੀ ਜੇਬ 'ਚ ਤਾਂ ਜੂੰਆਂ ਵੀ ਹੈਨੀ। *(ਆਪਣੀਆਂ ਜੇਬਾਂ ਜਾਂ ਖੀਸੇ ਪੁੱਠੇ ਕਰਕੇ ਦਿਖਾਉਂਦਾ ਹੈ)* ਮੇਰੇ ਤੋਂ ਲੈ ਲੈਣ ਨੋਟ, ਬਾਬੇ ਰਾਮ ਦੇਵ ਵਾਲੇ ਪੰਦਰਾਂ ਲੱਖ 'ਚੋਂ। ਆਪਾਂ ਨੂੰ ਤਾਂ ਮਲੰਗ ਹੋਣ ਦਾ ਏਨਾ ਸਵਾਦ ਹੀ ਪਹਿਲੀ ਵਾਰ ਆਇਆ। ਸਰਕਾਰ ਭਰੂ ਜੁਰਮਾਨਾ, ਸਰਕਾਰ।

*(ਪਹਿਲਾ ਇੱਕ ਪਾਸਿਓਂ ਤੇਜ਼ੀ ਨਾਲ ਦਾਖਲ ਹੁੰਦਾ ਹੈ, ਇਸ ਵਾਰ ਉਸ ਨੇ ਦਾਹੜੀ ਬੰਨ੍ਹੀ ਹੋਈ ਹੈ, ਉਪਰਲੀ ਜੈਕਟ ਬਦਲੀ ਹੋਈ ਹੈ)*

ਪਹਿਲਾ : ਸਰਕਾਰ ਕਿਉਂ ਭਰੂ ਓਏ? ਸਰਕਾਰ ਕੋਲ ਤਾਂ ਤਨਖਾਹਾਂ ਦੇਣ ਜੋਗੇ ਪੈਸੇ ਹੈ ਨਹੀਂ। ਜੁਰਮਾਨਾ ਭਰਾਵਾਂਗੇ ਕਾਰਖਾਨੇਦਾਰਾਂ ਤੋਂ ਜਿਹੜੇ ਪਾਣੀ ਵਿਚ ਜ਼ਹਿਰਾਂ ਘੋਲ ਰਹੇ ਹਨ।

*(ਦੂਸਰਾ ਦੂਸਰੇ ਕੋਨੇ ਤੋਂ ਤੇਜ਼ੀ ਨਾਲ ਦਾਖਲ ਹੁੰਦਾ ਹੈ, ਇਸ ਵਾਰ ਮੁੱਛਾਂ ਅਤੇ ਮੱਥੇ 'ਤੇ ਤਿਲਕ ਨਹੀਂ ਹੈ)*

ਦੂਸਰਾ : ਤੁਸੀਂ ਮਿੱਲਾਂ ਕਾਰਖਾਨਿਆਂ ਦੇ ਮਗਰ ਪਏ ਰਿਹਾ ਕਰੋ। ਤਾਂ ਹੀ ਤਾਂ ਇੰਡਸਟਰੀ ਸੂਬੇ 'ਤੋਂ ਬਾਹਰ ਜਾਈ ਜਾ ਰਹੀ ਹੈ। ਸ਼੍ਰੀਮਾਨ ਜੀ, ਬੁੱਢੇ ਦੇ ਕੁੱਲ ਪਾਣੀ ਦਾ ਸਿਰਫ 10-15 ਫੀਸਦੀ ਹੀ ਮਿਲਾਂ

ਦਾ। ਇਹਨਾਂ ਵਿਚੋਂ ਅੱਧੀਆਂ ਮਿਲਾਂ ਦਾ ਪਾਣੀ ਬਿਲਕੁਲ ਸਾਫ ਕਰਕੇ ਪਾਇਆ ਜਾਂਦਾ। ਜਿਹਨਾਂ ਦੇ ਟਰੀਟਮੈਂਟ ਪਲਾਂਟ ਬਿਲਕੁਲ ਸਹੀ ਚੱਲ ਰਹੇ ਨੇ। 85 ਫੀਸਦੀ ਪਾਣੀ ਤਾਂ ਮਿਊਂਸਪਲ ਕਾਰੋਰੇਸ਼ਨ ਦਾ। ਆਪਣੇ ਸੀਵਰੇਜ ਟਰੀਟਮੈਂਟ ਪਲਾਂਟ ਇਹ ਚੱਜ ਨਾਲ ਨਹੀਂ ਚਲਾਉਂਦੇ। ਕਾਰਪੋਰੇਸ਼ਨ ਦੇ ਅਫ਼ਸਰਾਂ ਨੂੰ ਹੋਣਾ ਚਾਹੀਦਾ ਜੁਰਮਾਨਾ ਤਾਂ।

*(ਤੀਸਰਾ ਦੂਸਰੇ ਕੋਨੇ ਤੋਂ ਤੇਜ਼ੀ ਨਾਲ ਦਾਖਲ ਹੁੰਦਾ ਹੈ) (ਦੂਸਰੇ ਨੂੰ)*

ਤੀਸਰਾ : ਤੁਹਾਡੇ 'ਤੇ ਜਦ ਗੱਲ ਆਉਂਦੀ ਹੈ ਤਾਂ ਤੁਹਾਨੂੰ ਕਾਰਪੋਰੇਸ਼ਨ ਦਿਸਣ ਲੱਗ ਪੈਂਦੀ ਹੈ। ਕਾਰਪੋਰੇਸ਼ਨ ਦੇ ਸੀਵਰੇਜ ਦਾ ਚੇਤਾ ਆ ਜਾਂਦਾ। 25-30 ਸਾਲ ਪਹਿਲਾਂ ਵੀ ਸੀਵਰੇਜ ਦਾ ਪਾਣੀ ਬੁੱਢੇ ਵਿਚ ਪੈਂਦਾ ਹੀ ਸੀ। ਓਦੋਂ ਤਾਂ ਕੋਈ ਸੀਵਰੇਜ ਟਰੀਟਮੈਂਟ ਪਲਾਂਟ ਵੀ ਨਹੀਂ ਸੀ। ਫਿਰ ਵੀ ਪਾਣੀ ਸਾਫ਼ ਸੀ। ਜ਼ਹਿਰੀਲਾ ਤਾਂ ਕਾਰਖਾਨਿਆਂ ਤੇ ਮਿੱਲਾਂ ਦੇ ਪਾਣੀ ਨਾਲ ਹੋਇਆ।ਤੁਹਾਨੂੰ ਹੀ ਹੋਣਾ ਚਾਹੀਦਾ ਜੁਰਮਾਨਾ। ਜਾਂ ਹੋਣਾ ਚਾਹੀਦਾ ਪਰਦੂਸ਼ਨ ਬੋਰਡ ਵਾਲਿਆਂ ਨੂੰ ਜੋ ਤੁਹਾਡੇ ਨਾਲ ਮਿਲੇ ਹੋਏ ਨੇ, ਚੈੱਕ ਨਹੀਂ ਕਰਦੇ ਤੁਹਾਡੀਆਂ ਮਿੱਲਾਂ ਦਾ ਨਿਕਾਸੀ ਪਾਣੀ।

*(ਚੌਥਾ ਇੱਕ ਪਾਸਿਓ ਤੇਜ਼ੀ ਨਾਲ ਦਾਖਲ ਹੁੰਦਾ ਹੈ, ਇਸ ਵਾਰ ਉਸ ਨੇ ਕਮੀਜ਼ ਪੈਂਟ ਵਿਚ ਦਿੱਤੀ ਅਤੇ ਟਾਈ ਲਾਈ ਹੋਈ ਹੈ)*

ਚੌਥਾ : ਅਸੀਂ ਕਿਸੇ ਨਾਲ ਨਹੀਂ ਰਲੇ ਹੋਏ। ਆਪਣੀ ਸਹੀ ਡਿਊਟੀ ਕਰਦੇ ਹਾਂ। ਅਸੀਂ ਚੌਵੀ ਘੰਟੇ ਮਿੱਲਾਂ ਦੀ ਰਾਖੀ ਬੈਠੇ ਰਹੀਏ? ਨਾਲੇ ਖਬਰਦਾਰ ਸਾਨੂੰ ਪਰਦੂਸ਼ਨ ਬੋਰਡ ਕਿਹਾ ਤਾਂ, ਅਸੀਂ ਪਰਦੂਸ਼ਨ ਕੰਟਰੋਲ ਬੋਰਡ ਹਾਂ।

ਪੰਜਵਾਂ : ਜਦ ਤੂੰ ਪਰਦੂਸ਼ਨ ਬੋਰਡ ਹੈ ਈ ਨਹੀਂ ਫਿਰ ਤੈਨੂੰ

ਕਿਉਂ ਸੇਕ ਲੱਗਾ? ਤੇਰਾ ਗੁੱਸਾ ਕਰਨ ਦਾ ਕੀ ਮਤਲਬ? *(ਵਕਫ਼ੇ ਬਾਅਦ ਤਨਜ਼ ਨਾਲ)* ਆਪ ਜੀ ਤਾਂ ਕਿਸੇ ਨਾਲ ਰਲੇ ਨਹੀਂ ਹੋਏ। *(ਦੂਜੇ ਵੱਲ ਇਸ਼ਾਰਾ ਕਰਕੇ)* ਇਹ ਸੇਠ ਕਹਿੰਦੇ ਕਿ *(ਤੀਜੇ ਵੱਲ ਇਸ਼ਾਰਾ ਕਰਕੇ)* ਇਸ ਜਨਾਬ ਦਾ ਸੀਵਰੇਜ ਗੰਦਾ ਤੇ ਇਹ ਅਫਸਰ ਕਹਿੰਦੇ ਕਿ ਓਸ ਦਾ ਪਾਣੀ ਖਤਰਨਾਕ ਹੈ ਤੇ ਬਾਬਾ ਬੁੱਢਾ ਸਿਹੁੰ ਕਹਿੰਦਾ ਕਿ ਸਾਰਾ ਪਾਣੀ ਗੰਦਾ ਤੇ ਜ਼ਹਿਰੀਲਾ। ਇਹਦਾ ਮਤਲਬ ਤੁਸੀਂ ਰਲੇ ਤਾਂ ਦੋਹਾਂ ਨਾਲ ਓ। ਕਿਤਿਓਂ ਪੈਸੇ ਲੈ ਕੇ ਰਲ਼ ਗਏ ਕਿਸੇ ਨਾਲ ਡਰਦੇ ਰਲ਼ ਗਏ।

*(ਪੰਜਵੇਂ ਨੂੰ ਆਪਣੇ ਕੋਲ ਤੇ ਬਾਕੀਆਂ ਤੋਂ ਥੋੜ੍ਹਾ ਦੂਰ ਲਿਜਾ ਕੇ)*

ਚੌਥਾ : ਤੂੰ ਬਹੁਤੀ ਬਕਵਾਸ ਨਾ ਕਰ। ਮਾੜੀ ਮੋਟੀ ਲਿਹਾਜ਼ ਤਾਂ ਮੈਂ ਤੇਰੀ ਵੀ ਕਰਦਾਂ, ਨਹੀਂ ਤਾਂ ਤੇਰਾ ਟੱਟੀ ਮੂਤ ਵਿਚੇ ਬੰਦ ਹੋ ਹੋਜੂ। ਅਸੀਂ ਤਾਂ ਪਰਦੂਸ਼ਨ ਫੈਲਾਉਣ ਵਾਲੀਆਂ ਸੈਂਕੜੇ ਮਿੱਲਾਂ ਬੰਦ ਕੀਤੀਆਂ। *(ਅੱਖਾਂ ਨਾਲ ਪਹਿਲੇ ਵੱਲ ਇਸ਼ਾਰਾ ਕਰਕੇ)* ਇਹ ਨੇਤਾ ਜੀ ਸਰਕਾਰ ਬਣੇ ਹੋਏ ਅੱਜ ਕੱਲ੍ਹ, ਸੇਠ ਲੋਕ ਇਹਦੇ ਕੋਲ ਪਾਹੁੰਚ ਜਾਂਦੇ, ਹੱਥ ਜੋੜ ਕੇ ਤੇ ਨੋਟਾਂ ਨਾਲ ਝੋਲਾ ਭਰ ਕੇ। ਇਹ ਹਜ਼ੂਰ ਕਹਿ ਦਿੰਦੇ ਕਿ ਹੋਰ ਮੌਕਾ ਦੇ ਦਿਓ, ਵਾਰਨਿੰਗ ਦੇ ਕੇ ਫੇਰ ਚਲਾ ਦਿਓ। ਰਲ਼ੇ ਤਾਂ ਹੁਕਮਰਾਨ ਤੇ ਦੌਲਤਖਾਨ ਹੋਏ ਨੇ।

*(ਪੰਜਵਾਂ ਪਹਿਲੇ ਕੋਲ ਜਾ ਕੇ, ਅਣਜਾਣਤਾ ਭਰੀ ਹਲੀਮੀ ਨਾਲ)*

ਪੰਜਵਾਂ : ਨੇਤਾ ਜੀ ਹਜ਼ੂਰ, ਆਹ ਮੈਂ ਕੀ ਸੁਣਿਆ?

ਪਹਿਲਾ : ਮੈਨੂੰ ਕੀ ਪਤਾ ਕੀ ਸੁਣ ਲਿਆ ਤੂੰ?

ਪੰਜਵਾਂ : *(ਟੇਢੀ ਨਜ਼ਰ ਨਾਲ)* ਮੈਨੂੰ ਯਕੀਨ ਤਾਂ ਨਹੀਂ ਆਉਂਦਾ।

ਪਹਿਲਾ : ਨਹੀਂ ਯਕੀਨ ਆਉਂਦਾ ਤਾਂ ਛੱਡ ਪਰੇ ਫਿਰ।

ਪੰਜਵਾਂ : ਊਂ ਅਗਲੇ ਕਹਿੰਦੇ ਆ ਤਾਂ ਗੱਲ ਝੂਠੀ ਵੀ ਨਹੀਂ ਹੋਣੀ।

ਪਹਿਲਾ : ਫਿਰ ਸਿੱਧਾ ਬਕ ਤੈਨੂੰ ਜੋ ਪਤਾ ਲੱਗਾ।

ਪੰਜਵਾਂ : ਸਾਰੇ ਪਾਸੇ ਏਹੀ ਰੌਲਾ ਪਈ ਤੁਸੀਂ ਪਰਦੂਸ਼ਨਕਾਰਾਂ ਤੋਂ ਰਿਸ਼ਵਤ ਲੈ ਕੇ ਉਹਨਾਂ ਦੀ ਮੱਦਦ ਕਰਦੇ ਓਂ।

ਪਹਿਲਾ : ਗੱਲ ਕਰਨੀ ਸਿੱਖ ਲੈ ਕੁ-ਨਸਲੇ।

ਪੰਜਵਾਂ : ਸਿਖਾਓ।

ਪਹਿਲਾ : ਲੀਡਰ ਰਿਸ਼ਵਤ ਨਹੀਂ ਲੈਂਦੇ ਹੁੰਦੇ। ਫੰਡ ਲੈਂਦੇ ਹੁੰਦੇ ਆ ਫੰਡ।

ਪੰਜਵਾਂ : ਚਲੋ, ਹੁੰਦੇ ਤਾਂ ਪੈਸੇ ਈ ਆ। ਐਂ ਤਾਂ ਬਾਬੂ ਲੋਕ ਵੀ ਕਹਿੰਦੇ ਆ ਕਿ ਅਸੀਂ ਵੱਢੀ ਨਹੀਂ ਲੈਂਦੇ ਚਾਹ ਪਾਣੀ ਲੈਂਦੇ ਆਂ। ਪਰ ਤੁਸੀਂ ਸਾਰੇ ਪਾਸਿਆਂ ਤੋਂ ਏਨੇ ਪੈਸੇ 'ਕੱਠੇ ਕਰਕੇ ਕਰਨੇ ਕੀ ਹੁੰਦੇ ਆ?

ਪਹਿਲਾ : ਤੇਰੀ ਮਾਂ ਦਾ ਸਿਰ ਕਰਨੇ ਹੁੰਦੇ ਆ। ਰੈਲੀਆਂ ਜਲਸਿਆਂ ਤੇ ਖਰਚੇ ਹੁੰਦੇ ਆ। ਚੋਣਾਂ ਦਾ ਖਰਚਾ ਪਤਾ ਕਿੰਨਾ? ਵੋਟਾਂ ਲੈਣ ਲਈ ਤੇਰੇ ਵਰਗੇ ਮਲੰਗਾਂ ਨੂੰ ਰਾਸ਼ਨ ਤੇ ਨੋਟ ਵੀ ਵੰਡਣੇ ਪੈਂਦੇ ਆ। ਹੋਰ ਵੋਟਾਂ 'ਚ ਸ਼ਰਾਬਾਂ ਵਹੁਟੀ ਦੀਆਂ ਵਾਲੀਆਂ ਵੇਚ ਕੇ ਪਿਲ਼ਾ ਹੁੰਦੀਆਂ?

ਪੰਜਵਾਂ : *(ਅੱਗੇ ਆ ਕੇ ਦਰਸ਼ਕਾਂ ਨੂੰ)* ਲਓ, ਕਰ ਲਓ ਗੱਲ,ਜਿਹਨਾਂ ਨੂੰ ਸਭ ਤੋਂ ਤਾਕਤਵਰ ਸਮਝਦੇ ਸੀ, ਉਹ ਤਾਂ ਸਾਰਿਆਂ ਤੋਂ ਵੱਧ ਮਜਬੂਰ ਨੇ।

*(ਸਟੇਜ ਦੇ ਵਿਚਾਲੇ ਮਦਾਰੀਆਂ ਵਾਂਗ ਘੁੰਮ ਕੇ)*

ਲਓ ਜੀ, ਹੁਕਮਰਾਨ, ਦੌਲਤਖਾਨ, ਅਫ਼ਸਰਾਨ,
ਸਾਹਿਬਾਨ ਤੇ ਮੈਂ ਆਮ ਜਿਹਾ ਇਨਸਾਨ

ਇਸ ਗੱਲ ਦਾ ਹੋਇਆ ਗਿਆਨ

ਸਾਰੇ ਈ ਬੜੇ ਹਾਂ ਔਖੇ
ਤੇ ਸਾਰੇ ਈ ਬੜੇ ਮਹਾਨ।
ਇਕ ਦੂਜੇ ਤੋਂ ਵੱਧ ਕਮਜ਼ੋਰ
ਇਕ ਦੂਏ ਤੋਂ ਵੱਧ ਬਲਵਾਨ।
ਸਾਰੇ ਰਲ਼ ਕੇ ਗੰਦ ਪਾਈਏ,
ਮਰਿਆ ਦੀਨ ਈਮਾਨ।
ਗੰਦਾ ਕਰੀਏ ਬੁੱਢਾ ਤੇ ਲੁਧਿਆਣਾ
ਪੰਜਾਬ ਤੇ ਸਾਰਾ ਹਿੰਦੋਸਤਾਨ।

*(ਕੱਛਾਂ ਵਜਾ ਕੇ ਭੰਗੜਾ ਪਾਉਂਦਾ ਹੈ)*

ਓਹ ਸਾਡੀ ਰੀਸ ਕੌਣ ਕਰ ਲਊ
ਬੱਲੇ, ਓ ਸਾਡੀ ਰੀਸ ਕੌਣ ਕਰ ਲਊ
ਆਹਾ, ਓ ਸਾਡੀ ਰੀਸ ਕੌਣ ਕਰ ਲਊ

*(ਨੱਚਦਾ ਨੱਚਦਾ ਥੱਕ ਕੇ ਡਿੱਗ ਪੈਂਦਾ ਹੈ। ਸਾਰੇ ਡਿੱਗੇ ਹੋਏ ਵੱਲ ਨੂੰ ਅਹੁਲਦੇ ਹਨ, ਕੁਝ ਓੜ੍ਹ ਪੋੜ੍ਹ ਕਰਨ ਬਾਰੇ ਸੋਚਦੇ ਹਨ ਕਿ ਪੰਜਵਾਂ ਹੌਲੀ ਹੌਲੀ ਉਠਦਾ ਹੈ। ਸਟੇਜ ਦੇ ਅਗਲੇ ਭਾਗ ਵੱਲ ਆਉਂਦਾ ਹੈ। ਬਾਕੀ ਸਾਰੇ ਉਸ ਦੇ ਪਿੱਛੇ ਆਉਂਦੇ ਹਨ)*

ਦੂਸਰਾ : ਤੂੰ ਬੇਹੋਸ਼ ਹੋ ਗਿਆ ਸੀ?

ਪੰਜਵਾਂ : ਨਹੀਂ ਮੈਨੂੰ ਹੋਸ਼ ਆ ਰਹੀ ਸੀ।

ਤੀਸਰਾ : ਤੂੰ ਤਾਂ ਡਿੱਗ ਪਿਆ ਸੀ।

ਪੰਜਵਾਂ : ਨਹੀਂ, ਮੈਂ ਆਪਣੇ ਆਪ ਤੋਂ ਉਪਰ ਉੱਠਣ ਦੀ ਵਿਚਾਰ ਕਰ ਰਿਹਾ ਸੀ।

ਚੌਥਾ : ਤੂੰ ਤਾਂ ਲੰਮਾ ਪਿਆ ਸੀ।

ਪੰਜਵਾਂ : ਥੋੜ੍ਹਾ ਲੰਮਾ ਸੋਚ ਰਿਹਾ ਸੀ।

ਪਹਿਲਾ : ਕੀ ਸੋਚਿਆ ਫਿਰ?

ਪੰਜਵਾਂ : ਇਹੀ ਕਿ ਆਪਾਂ ਸਾਰਿਆਂ ਨੇ ਰਲ਼ ਕੇ ਗੰਦ ਬਹੁਤ ਪਾਇਆ। ਜਿੰਨਾ ਕੋਈ ਪਾ ਸਕਦਾ। ਕਿਸੇ ਨੇ ਵੀ ਕਸਰ ਨਹੀਂ ਛੱਡੀ।

ਦੂਸਰਾ : ਫੇਰ?

ਪੰਜਵਾਂ : ਫੇਰ ਮੈਂ ਸੋਚਦਾਂ ਕਿ ਜੇ ਸਾਰੇ ਏਨਾ ਗੰਦ ਪਾ ਸਕਦੇ ਹਾਂ ਤਾਂ ਸਾਰੇ ਰਲ਼ ਕੇ ਸਫਾਈ ਵੀ ਕਿੰਨੀ ਜ਼ਿਆਦਾ ਕਰ ਸਕਦੇ ਹਾਂ।

*(ਸਾਰੇ ਸਹਿਮਤੀ ਵਿਚ ਸਿਰ ਹਿਲਾਉਂਦੇ ਹਨ)*
*(ਇਕੱਲੇ ਇਕੱਲੇ ਅਤੇ ਲੋਕਾਂ ਵੱਲ ਇਸ਼ਾਰਾ ਕਰ ਕੇ)*

ਮੈਂ, ਤੁਸੀਂ, ਤੁਸੀਂ, ਤੁਸੀਂ, ਤੁਸੀਂ ਤੇ ਤੁਸੀਂ ਜੇ ਆਪੋ ਆਪਣੀ ਥਾਵੇਂ ਗੰਦ ਨਾ ਪਾਉਣ ਦਾ ਤਹੱਈਆ ਕਰ ਲਈਏ ਤਾਂ ਇਹ ਸ਼ਹਿਰ, ਸੂਬਾ ਤੇ ਮੁਲਕ ਕਿੰਨਾ ਸੋਹਣਾ ਹੋ ਸਕਦਾ। ਸਭ ਦੇ ਗੰਦ ਪਾਉਣ ਕਰਕੇ ਇਹ ਮੁਲਖ ਰਹਿਣਯੋਗ ਨਹੀਂ ਰਿਹਾ।

ਚੌਥਾ : ਰਹਿਣਯੋਗ ਨਾ ਹੋਣ ਕਰਕੇ ਸਭ ਦੇ ਬੱਚੇ ਬਾਹਰ ਭੱਜ ਰਹੇ ਹਨ। ਅੱਸੀ ਹਜ਼ਾਰ ਕਰੋੜ ਰੁਪਏ ਹਰ ਸਾਲ ਬੱਚਿਆਂ ਦਾ ਪੜ੍ਹਾਈ ਖਰਚਾ ਪੰਜਾਬ ਚੋਂ ਬਾਹਰ ਜਾ ਰਿਹਾ। ਨਾ ਇਹ ਪੈਸਾ ਮੁੜੇ ਤੇ ਨਾ ਓਹ ਕਾਬਲ ਬੱਚੇ ਮੁੜਨ।

ਪੰਜਵਾਂ : ਮੈਂ ਤਾਂ ਬਾਹਰ ਕੀ ਭੇਜਣੇ ਆਂ, ਇਥੇ ਦੇ ਸਰਕਾਰੀ ਸਕੂਲ 'ਚ ਪੜ੍ਹ ਲੈਣ ਥੋੜ੍ਹਾ?

ਦੂਸਰਾ : ਨੇਤਾ ਜੀ ਵੀ ਉਹਨਾਂ ਨੂੰ ਏਥੇ ਈ ਨੇਤਾ ਬਣਾਉਣਗੇ।

ਪੰਜਵਾਂ : ਬਿਲਕੁਲ, ਉਜੜੇ ਬਾਗਾਂ ਦੇ ਪਟਵਾਰੀ ਗਾਲ੍ਹੜ ਹੀ

ਲੱਗਣਗੇ।

ਦੂਸਰਾ : ਸਾਡੇ ਵਾਲੇ ਤਾਂ ਬਾਹਰ ਹੀ ਭੱਜਣਗੇ।

ਤੀਸਰਾ : ਬਾਹਰਲੀਆਂ ਡਿਗਰੀਆਂ ਨਾਲ ਓਧਰ ਹੀ ਜੌਬਾਂ, ਕਾਰਾਂ ਤੇ ਕੋਠੀਆਂ ਲੈਣਗੇ।

ਚੌਥਾ : ਜੌਬਾਂ, ਕਾਰਾਂ ਕੋਠੀਆਂ ਤਾਂ ਜ਼ਰੂਰ ਲੈ ਲੈਣਗੇ। ਪਰ ਆਪਣੇ ਮੁਲਕ ਨੂੰ ਗੰਦਾ ਛੱਡ ਕੇ ਭਗੌੜੇ ਹੋਣ ਵਾਲਿਆਂ ਨੂੰ ਬਾਹਰ ਇੱਜ਼ਤ ਦੀ ਨਜ਼ਰ ਨਾਲ ਨਹੀਂ ਦੇਖਿਆ ਜਾਣਾ। ਉਹਨਾਂ ਬਾਰੇ ਬਾਹਰ ਲੋਕ ਇਹੀ ਕਹਿਣਗੇ ਕਿ ਗੰਦੀ ਕਮਾਈ ਨਾਲ ਬਾਹਰ ਆਈ ਹਿੰਦੋਸਤਾਨੀ ਗੰਦਗੀ ਦੇ ਕੀੜਿਆਂ ਦੀ ਔਲਾਦ।

*(ਸੰਨਾਟਾ)*

ਪੰਜਵਾਂ : ਫਿਰ ਰਲ਼ ਕੇ ਹਰ ਤਰ੍ਹਾਂ ਦੇ ਗੰਦ ਨੂੰ ਬੰਦ ਕਰਨਾ ਬਣਦਾ ਹੈ।

ਚੌਥਾ : ਨਾਲ ਦੇ ਵੱਡੇ ਲੋਕਾਂ ਨੂੰ ਵੀ ਪੁੱਛ ਲਈਏ।

ਪਹਿਲਾ : ਅਸੀਂ ਇਹਨਾਂ ਹਾਲਤਾਂ ਨੂੰ

ਦੂਸਰਾ : ਬਦਲਣ ਲਈ

ਤੀਸਰਾ : ਇਕੱਠੇ ਹੋਣ ਲਈ

ਤਿੰਨੋ ਇਕੱਠੇ : ਤਿਆਰ ਹਾਂ।

ਬੁੱਢਾ ਦਰਿਆ : ਇਕੱਠੇ ਹੋਣ ਲਈ ਤੁਹਾਨੂੰ ਆਪਣੇ ਲਾਲਚ, ਸੁਆਰਥ, ਹੰਕਾਰ, ਸੁਸਤੀ, ਅਣਗਹਿਲੀ ਤੇ ਸ਼ੋਹਰਤ ਦੀ ਭੁੱਖ ਦਾ ਤਿਆਗ ਕਰਨਾ ਪੈਣਾ ਹੈ।

ਸਾਰੇ : ਅਸੀਂ ਕੋਸ਼ਿਸ ਕਰਾਂਗੇ।

ਬੁੱਢਾ ਦਰਿਆ : ਇਹ ਕੋਸ਼ਿਸ਼ ਕਰਨ ਬਾਰੇ ਸੋਚਣਾ ਵੀ ਚੰਗੀ ਸ਼ੁਰੂਆਤ ਹੈ।

ਜੇ 'ਕੱਠੇ ਹੋ ਪਾਓਗੇ
ਤਾਂ ਹੀ ਗੰਦ ਮਿਟਾਓਗੇ
ਸੁਥਰੇ ਲੋਕ ਅਖਵਾਓਗੇ

ਪਹਿਲਾ : ਬਿਲਕੁਲ 'ਕੱਠੇ ਹੋਵਾਂਗੇ

ਦੂਸਰਾ : ਹਰ ਕਲੰਕ ਨੂੰ ਧੋਵਾਂਗੇ।

ਬੁੱਢਾ ਦਰਿਆ : ਗੱਲਾਂ ਜੋਗੇ ਨਾ ਰਹਿ ਜਾਇਓ
ਆਪਣੀ ਸਮਝ ਨੂੰ ਆਹਰੇ ਲਾਇਓ
ਦਫਤਰ ਕੁਰਸੀਆਂ ਮਹਿਫਲਾਂ ਛੱਡ ਕੇ
ਇਕਮੁੱਠ ਹੋ ਮੇਰੇ ਕੋਲ ਆਇਓ

*(ਸਾਰੇ ਘੁੰਮ ਕੇ ਮੰਚ ਦੇ ਇਕ ਕੋਨੇ ਤੋਂ ਕਤਾਰ ਵਿਚ ਬਾਹਰ ਜਾਣ ਲੱਗਦੇ ਹਨ)*

ਪੰਜਵਾਂ : ਹੇ ਬੁੱਢੇ ਦਰਿਆ। ਅਸੀਂ ਰਹੇ ਹਾਂ ਆ।

ਚੌਥਾ : ਸਭ ਨੇ ਹੱਥ ਵਟਾ।

ਤੀਸਰਾ : ਸਾਰੀ ਲਾਉਣੀ ਵਾਹ।

ਪਹਿਲਾ : ਹਾਲਤ ਨੂੰ ਪਲਟਾਅ।

ਦੂਸਰਾ : ਹੇ ਬੁੱਢੇ ਦਰਿਆ। ਦੇਣਾ ਗੰਦ ਮੁਕਾ।

ਸਾਰੇ : ਸਾਰੇ ਰਹੇ ਹਾਂ ਆ।

*(ਬਾਹਰ ਜਾਂਦੇ ਹਨ)*

ਬੁੱਢਾ ਦਰਿਆ : ਮੈਂ ਬੁੱਢਾ ਦਰਿਆ, ਹਾਂ ਮੈਂ ਬੁੱਢਾ ਦਰਿਆ।
ਦੇਰ ਤੋਂ ਰਿਹਾ ਕੁਰਲਾ।
ਹੁਣ ਆਵੇਗਾ ਬਦਲਾਅ।

*(ਪਰਦੇ ਪਿੱਛਿਓਂ ਆਵਾਜ਼ ਆਉਂਦੀ ਹੈ)*

ਸਾਰੇ : ਹੇ ਬੁੱਢੇ ਦਰਿਆ। ਅਸੀਂ ਰਹੇ ਹਾਂ ਆ।

*(ਸਟੇਜ ਦੇ ਪਿਛਲੇ ਕੋਨੇ ਤੋਂ ਪੰਜੇ ਦਾਖਲ ਹੁੰਦੇ ਹਨ। ਪਹਿਲੇ ਚਾਰ ਬੁੱਢੇ ਦਰਿਆ ਦਾ ਹੁਲੀਆ ਦੇਖ ਕੇ ਠਠੰਬਰ ਜਾਂਦੇ ਹਨ। ਸਟੇਜ ਤੇ ਚੱਲਦੇ ਬੁੱਢੇ ਦਰਿਆ ਦੇ ਨਾਲ ਨਾਲ ਤੁਰਨ ਲੱਗਦੇ ਹਨ। ਪਹਿਲੇ ਚਾਰ ਕਦੇ ਨੱਕ ਚਾੜ੍ਹਦੇ ਅਤੇ ਕਦੀ ਅੱਖਾਂ ਮੀਟਦੇ ਹਨ। ਕਦੀ ਨੱਕ ਢੱਕਦੇ ਹਨ, ਕਦੀ ਅੱਖਾਂ ਅਤੇ ਨੱਕ ਅੱਗੇ ਹਥੇਲੀ ਨਾਲ ਝੱਲ ਮਾਰਦੇ ਹਨ।)*

ਪਹਿਲਾ : ਓ ਹੋ ਹੋ

ਦੂਸਰਾ : ਆਏ ਹਾਏ ਹਾਏ

ਤੀਸਰਾ : ਓ ਮਾਈ ਗਾਡ

ਚੌਥਾ : ਛੀ ਛੀ ਛੀ

ਪਹਿਲਾ : *(ਪੰਜਵੇਂ ਤੋਂ)* ਇਹ ਕੋਈ ਦਰਿਆ ਵਾ?

ਦੂਸਰਾ : *(ਪੰਜਵੇਂ ਤੋਂ)* ਇਹ ਬੁੱਢਾ ਦਰਿਆ ਏ?

ਬੁੱਢਾ ਦਰਿਆ : ਨਹੀਂ। ਮੈਂ ਤਾਂ ਮਰੇ ਹੋਏ ਬੁੱਢੇ ਦਰਿਆ ਦਾ ਭੂਤ ਹਾਂ। ਦੂਰ ਤੱਕ ਜ਼ਹਿਰਾਂ ਅਤੇ ਕੈਂਸਰ ਵੰਡਦਾ ਬੇਗੁਨਾਹਾਂ ਦੀ ਮੌਤ ਦਾ ਦੂਤ ਹਾਂ। ਮੈਂ ਬੁੱਢੇ ਦਰਿਆ ਦਾ ਕਾਲਾ ਭੂਤ ਹਾਂ।

ਪਹਿਲਾ : *(ਦੂਸਰੇ ਨੂੰ)* ਤੂੰ ਇਸ ਦਾ ਰੰਗ ਕਾਲਾ ਕੀਤਾ।

ਦੂਸਰਾ : *(ਤੀਸਰੇ ਨੂੰ)* ਤੂੰ ਇਸ ਨੂੰ ਬਦਬੂਦਾਰ ਕੀਤਾ।

ਤੀਸਰਾ : *(ਚੌਥੇ ਨੂੰ)* ਤੂੰ ਇਸ ਨੂੰ ਜ਼ਹਿਰੀਲਾ ਹੋਣ ਦਿੱਤਾ।

ਚੌਥਾ : *(ਚੋਗੇ ਦੇ ਕੂੜੇ ਕਚਰੇ ਵੱਲ ਇਸ਼ਾਰਾ ਕਰਕੇ ਪੰਜਵੇਂ ਨੂੰ)* ਆਹ ਉਤਲਾ ਹਾਰ ਸ਼ਿੰਗਾਰ ਤਾਂ ਤੇਰਾ ਕੀਤਾ ਹੋਇਆ।

ਪੰਜਵਾਂ : *(ਪਹਿਲੇ ਨੂੰ)* ਮਾੜੇ ਦਾ ਪਾਇਆ ਗੰਦ ਉਪਰੋਂ ਤੇ ਦੂਰੋਂ ਦਿਸ ਜਾਂਦਾ। ਤਕੜੇ ਦਾ ਪਾਇਆ ਗੰਦ ਗਹਿਰਾ

'ਤੇ ਗੁੱਝਾ ਹੁੰਦਾ। ਓਹਦਾ ਅਸਰ ਬਹੁਤ ਦੂਰ ਤੱਕ ਅਤੇ ਦੇਰ ਤੱਕ ਰਹਿੰਦਾ।

ਬੁੱਢਾ ਦਰਿਆ : ਓਏ ਹੈਲੋ। ਤੁਸੀਂ ਤੁਰਨ ਤੋਂ ਪਹਿਲਾਂ ਤਾਂ ਕਹਿੰਦੇ ਸੀ ਕਿ ਰਲ ਕੇ ਸੂਰਤ-ਏ-ਹਾਲ ਬਦਲਾਂਗੇ, ਬੜੇ ਨਾਹਰੇ ਲਾਉਂਦੇ ਸੀ। ਫਿਰ ਆ ਗਏ ਆਪਣੀ ਆਈ ਤੇ। ਆਪਣੇ ਆਪ ਨੂੰ ਸੁਧਾਰਨ ਦੀ ਬਜਾਏ ਲੱਗ ਪਏ ਇਕ ਦੂਜੇ ਦੇ ਚੁਣ ਚੁਣ ਨੁਕਸ ਕੱਢਣ, ਦੂਸ਼ਨ ਲਾਉਣ।

ਪਹਿਲਾ : ਅਸੀਂ ਭੁੱਲ ਗਏ ਸੀ।

ਬੁੱਢਾ ਦਰਿਆ : ਇਹ ਤੁਹਾਡੇ ਅੰਦਰਲੀ ਗੰਦਗੀ ਦੀ ਨਿਸ਼ਾਨੀ ਹੈ। ਅੰਦਰੋਂ ਗੰਦੇ ਲੋਕਾਂ ਦੇ ਦਰਿਆ, ਸ਼ਹਿਰ ਤੇ ਮੁਲਕ ਕਦੀ ਸਾਫ ਨਹੀਂ ਹੋ ਸਕਦੇ। *(ਸਾਰੇ ਨਿੰਮੋਝੂਣੇ ਜੋ ਜਾਂਦੇ ਹਨ)* ਸਮਝ ਗਏ?

ਸਾਰੇ : ਜੀ!

ਬੁੱਢਾ ਦਰਿਆ : ਸੁਥਰੇ ਲੋਕ ਆਪਣਾ ਕਾਰ-ਵਿਹਾਰ ਸਾਫ਼ ਰੱਖਦੇ ਅਤੇ ਦੂਸਰਿਆਂ ਨੂੰ ਸਾਫ ਰਹਿਣ ਵਿਚ ਮੱਦਦ ਕਰਦੇ। ਤੇ ਤੁਸੀਂ? ਆਪ ਗੰਦ ਨਾਲ ਭਰੇ ਹੋਏ ਤੇ ਦੂਸਰਿਆਂ 'ਤੇ ਚਿੱਕੜ ਉਛਾਲਣ ਵਾਲੇ।

ਦੂਸਰਾ : ਪੁਰਾਣੀਆਂ ਪੱਕੀਆਂ ਆਦਤਾਂ ਹੌਲੀ ਹੌਲੀ ਜਾਣਗੀਆਂ।

ਤੀਸਰਾ : ਯਾਦ ਕਰਾਉਣ ਲਈ ਸ਼ੁਕਰੀਆ।

ਚੌਥਾ : ਅੱਗੇ ਤੋਂ ਖਿਆਲ ਰੱਖਾਂਗੇ।

ਬੁੱਢਾ ਦਰਿਆ : ਇਹ ਜੋ ਮੇਰੀ ਬਾਹਰੀ ਸ਼ਕਲ ਹੈ ਨਾ, ਇਹ ਤੁਹਾਡੇ ਅੰਦਰ ਦੀ ਤਸਵੀਰ ਹੈ। ਮੈਂ ਤੁਹਾਡਾ ਕੁਝ ਵੀ ਗੁੱਝਾ ਨਹੀਂ ਰਹਿਣ ਦਿੱਤਾ। ਮੇਰਾ ਕਾਲਾ ਰੰਗ ਦੱਸਦਾ ਹੈ ਕਿ ਤੁਹਾਡੀ ਸਿਆਸਤ ਕਿੰਨੀ ਕਾਲੀ ਹੈ, ਵਣਜ

ਕਿੰਨਾ ਗੰਧਲਾ ਹੈ। ਇਹ ਬਦਬੂ ਦੱਸਦੀ ਹੈ ਕਿ ਤੁਹਾਡਾ ਪ੍ਰਸ਼ਾਸਨ ਕਿੰਨਾ ਗਲਿਆ ਸੜਿਆ ਹੈ। ਮੇਰੇ ਵਿਚਲੀ ਜ਼ਹਿਰ ਦੱਸਦੀ ਹੈ ਕਿ ਤੁਹਾਡੀ ਕਮਾਈ ਕਿੰਨੀ ਜ਼ਹਿਰੀਲੀ ਹੈ। ਖਿਲਰਿਆ ਕੂੜਾ ਦੱਸਦਾ ਤੁਹਾਡੇ ਅੰਦਰ ਕੂੜ ਦਾ ਕਿੰਨਾ ਪਸਾਰਾ ਹੈ। ਮੇਰੀ ਗੰਦੀ ਦਲਦਲ ਦੱਸਦੀ ਹੈ ਕਿ ਤੁਸੀਂ ਬੇਬਸੀ ਦੀ ਦਲਦਲ ਵਿਚ ਖੁੱਭੇ ਹੋਏ ਹੋ। ਆਸ ਪਾਸ ਦਾ ਪਿਛੜਿਆਪਨ ਦੱਸਦਾ ਤੁਸੀਂ ਤਕਨੀਕੀ ਵਿਕਾਸ ਦੇ ਦੁਸ਼ਮਣ ਹੋ।

ਮੈਂ ਪੰਜਾਬ ਦੇ ਬੇਹੋਸ਼ ਵਰਤਮਾਨ ਤੇ

ਰੁੜਦੇ ਜਾਂਦੇ ਭਵਿੱਖ ਦੀ ਤਸਵੀਰ ਹਾਂ।

ਮੈਂ ਬੁੱਢੇ ਦਰਿਆ ਦਾ ਭੂਤ

ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ

ਮਰੀ ਹੋਈ ਤਕਦੀਰ ਹਾਂ।

*(ਸਭ ਦੇ ਚਿਹਰਿਆਂ 'ਤੇ ਚਿੰਤਾ, ਖ਼ੌਫ, ਪਛਤਾਵੇ, ਨਮੋਸ਼ੀ ਆਦਿ ਦੇ ਭਾਵ ਹਨ)*

ਪਹਿਲਾ : ਤੁਹਾਡੀ ਗੱਲ ਤਾਂ ਠੀਕ ਹੈ, ਪਰ....

ਬੁੱਢਾ ਦਰਿਆ : ਪਰ *(ਸਾਂਗ ਲਾ ਕੇ)* ਜਦ ਸਾਰਾ ਢਾਂਚਾ ਹੀ ਵਿਗੜਿਆ ਫਿਰ ਅਸੀਂ ਕੀ ਕਰੀਏ? ਕੁਛ ਨਾ ਕਰੋ, ਬੱਸ ਬਣੇ ਰਹੋ ਗੰਦਗੀ ਦੇ ਕੀੜੇ।

ਤੀਸਰਾ : ਸਹੀ ਕਹਿ ਰਹੇ ਹੋ, ਲੇਕਿਨ....

ਬੁੱਢਾ ਦਰਿਆ : ਲੇਕਿਨ *(ਸਾਂਗ ਲਾ ਕੇ)* ਅਸੀਂ ਇਕੱਲੇ ਕੀ ਕਰ ਸਕਦਾ ਹਾਂ? ਲੁੱਟ ਖਸੁੱਟ ਕਰੀ ਚੱਲੋ।

ਦੂਸਰਾ : ਸਾਰਾ ਕੁਝ ਬਦਲਨਾ ਤਾਂ ਔਖਾ।

ਬੁੱਢਾ ਦਰਿਆ : ਇਸ ਲਈ ਰਿਸ਼ਵਤਾਂ ਦੇਈ ਚੱਲੋ ਤੇ ਖੁਸ਼ਾਮਦਾਂ

ਕਰੀ ਜਾਓ। ਇਸੇ ਨਾਲ ਆਪਣਾ ਕੰਮ ਚਲਾਈ ਚੱਲੋ।

ਚੌਥਾ : ਜਦ ਚੰਗਾ ਕੰਮ ਸ਼ੁਰੂ ਕਰਨ ਲਈ 'ਕੱਠੇ ਹੁੰਦੇ ਹਾਂ ਤਾਂ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਸਾਡਾ ਆਪਸ ਵਿਚ ਪੰਗਾ ਪੈ ਜਾਂਦਾ। ਉਪਰੋਂ ਤੇਰਾ ਲੈਕਚਰ ਫੇਰ ਮੁੱਢ ਤੋਂ ਸ਼ੁਰੂ ਹੋ ਜਾਂਦਾ।

ਬੁੱਢਾ ਦਰਿਆ : ਤੁਹਾਡਾ ਜਿਹੜਾ ਆਪਸ ਵਿੱਚ ਪੰਗਾ ਪਿਆ ਰਹਿੰਦਾ, ਇਹੀ ਤਾਂ ਸਾਰਾ ਪੰਗਾ।

ਪੰਜਵਾਂ : ਫੇਰ ਇਹਦਾ ਹੱਲ ਕੀ ਏ?

ਬੁੱਢਾ ਦਰਿਆ : ਇਹਦਾ ਹੱਲ ਸੌਖਾ ਵੀ ਬਹੁਤ ਹੈ ਤੇ ਔਖਾ ਵੀ ਬਹੁਤ ਹੈ।

ਪਹਿਲਾ : ਐਸਾ ਕਿਹੜਾ ਹੱਲ ਹੋਇਆ ਜੋ ਸੌਖਾ ਵੀ ਹੋਵੇ ਤੇ ਔਖਾ ਵੀ ਹੋਵੇ?

ਬੁੱਢਾ ਦਰਿਆ : ਹਾਂ ਇਸ ਤਰ੍ਹਾਂ ਹੀ ਹੈ।

ਦੂਸਰਾ : ਹੁਣ ਬੁਝਾਰਤਾਂ ਜਿਹੀਆਂ ਨਾ ਪਾ।

ਬੁੱਢਾ ਦਰਿਆ : ਨਹੀਂ ਇਹ ਕੋਈ ਬੁਝਾਰਤ ਨਹੀਂ ਹੈ।

ਤੀਸਰਾ : ਹੋਰ ਕੀ ਹੈ?

ਬੁੱਢਾ ਦਰਿਆ : ਸਿੱਧੀ ਜਿਹੀ ਗੱਲ ਹੈ।

ਚੌਥਾ : ਫਿਰ ਸਿੱਧੀ ਗੱਲ ਨੂੰ ਸਿੱਧੀ ਤਰ੍ਹਾਂ ਹੀ ਦੱਸਿਆ ਜਾਵੇ ਬੁੱਢਾ ਦਰਿਆ ਜੀ ਮਹਾਰਾਜ।

ਪੰਜਵਾਂ : ...ਕਿ ਸਾਂਝਾ ਤੇ ਚੰਗਾ ਕੰਮ ਕਰਨ ਲੱਗਿਆਂ ਸਾਡਾ ਆਪਸ ਵਿੱਚ ਪੰਗਾ ਕਿਉਂ ਪੈਂਦਾ? ਇਸ ਦਾ ਕੀ ਹੱਲ ਹੈ?

ਬੁੱਢਾ ਦਰਿਆ : ਸਿਰੇ ਦਾ ਸੌਖਾ ਤੇ ਸਿਰੇ ਦਾ ਔਖਾ ਹੱਲ ਇਹੀ ਹੈ ਕਿ

ਤੁਸੀਂ ਸਾਰੇ ਬੰਦੇ ਦੇ ਪੁੱਤ ਬਣੋ।

ਸਾਰੇ : *(ਕਰੋਧ ਨਾਲ)* ਕੀ ਮਤਲਬ?

ਬੁੱਢਾ ਦਰਿਆ : ਮੇਰਾ ਮਤਲਬ ਤੁਸੀਂ ਸਾਰੇ ਬੰਦੇ ਬਣੋ।

ਪਹਿਲਾ : ਤੈਨੂੰ ਅਸੀਂ ਬੰਦੇ ਨਹੀਂ ਲੱਗਦੇ?

ਦਸਰਾ : ਹੋਰ ਅਸੀਂ ਗਧੇ ਆਂ?

ਤੀਸਰਾ : ਤੂੰ ਸਾਨੂੰ ਬਾਂਦਰ ਸਮਝਦੈਂ?

ਚੌਥਾ : ਨਾਂ ਅਸੀਂ ਕੋਈ ਉੱਲੂ ਆਂ?

ਪੰਜਵਾਂ : ਸਾਰੇ ਦੇਖਣ ਨੂੰ ਚੰਗੇ ਭਲੇ ਤਾਂ ਬੰਦੇ ਲਗਦੇ ਆਂ।

ਬੁੱਢਾ ਦਰਿਆ : ਬੰਦੇ ਲੱਗਣ 'ਚ ਤੇ ਬੰਦੇ ਹੋਣ ਵਿਚ ਬਹੁਤ ਫ਼ਰਕ ਹੈ ਪੁੱਤਰੋ।

ਸਾਰੇ : ਕੀ ਫਰਕ ਹੈ?

ਬੁੱਢਾ ਦਰਿਆ : ਗਧੇ ਨੂੰ ਨਹੀਂ ਕਹਿਣਾ ਪੈਂਦਾ ਕਿ ਗਧਾ ਬਣ। ਨਾ ਬਾਂਦਰ ਨੂੰ ਕਹੀਦਾ ਬਾਂਦਰਾ, ਬਾਂਦਰ ਬਣ। ਉਹਨਾਂ ਨੂੰ ਬਣਨਾ ਨਹੀਂ ਪੈਂਦਾ ਉਹ ਹੁੰਦੇ ਹੀ ਹਨ। ਬੰਦੇ ਨੂੰ ਬੰਦਾ ਬਣਨਾ ਪੈਂਦਾ। ਤਾਂ ਹੀ ਕਹਿਣਾ ਪੈਂਦਾ ਕਿ ਬੰਦਾ ਬਣ। ਕੁੱਤਿਆਂ, ਬਿੱਲਿਆਂ, ਸੂਰਾਂ, ਗਧਿਆਂ, ਕਾਵਾਂ, ਉੱਲੂਆਂ ਕਿਸੇ ਤੋਂ ਪੌਣ ਪਾਣੀ ਧਰਤੀ ਤੇ ਜੀਵਨ ਨੂੰ ਖਤਰਾ ਨਹੀਂ। ਸਿਰਫ ਬੰਦਿਆ ਤੋਂ ਖਤਰਾ, ਕਿਉਂਕਿ ਬੰਦੇ ਬੰਦੇ ਨਹੀਂ ਰਹੇ। ਹਾਲਤ ਨੂੰ ਬਦਲਣ ਲਈ ਬੰਦਿਆਂ ਨੂੰ ਬੰਦੇ ਬਣਨਾ ਪੈਣਾ।

ਪਹਿਲਾ : ਫਿਰ ਤੇਰੇ ਮੁਤਾਬਕ ਕੀ ਹਾਂ ਅਸੀਂ?

ਬੁੱਢਾ ਦਰਿਆ : ਮੇਰੇ ਮੁਤਾਬਕ ਨਹੀਂ, ਤੁਹਾਡੇ ਮੁਤਾਬਕ ਹੀ ਦੱਸਦਾਂ ਕਿ ਕੀ ਹੋ ਤੁਸੀਂ। *(ਪਹਿਲੇ ਵੱਲ ਇਸ਼ਾਰਾ ਕਰਕੇ)* ਜਦ ਤੈਨੂੰ ਮਿਲ ਗਈ ਕੁਰਸੀ ਤੂੰ ਹੋ ਗਿਆ ਮਿਸਟਰ ਸਰਬ ਉੱਚ, *(ਦੂਸਰੇ ਵੱਲ ਇਸ਼ਾਰਾ ਕਰਕੇ)* ਕੋਈ ਬਣ

ਗਈ ਤੇਰੀ 'ਸਾਮੀ *(ਤੀਸਰੇ ਵੱਲ ਇਸ਼ਾਰਾ ਕਰਕੇ)* ਕੋਈ ਬਣ ਗਿਆ ਤੇਰਾ ਦਲਾਲ *(ਚੌਥੇ ਵੱਲ ਇਸ਼ਾਰਾ ਕਰਕੇ)* ਕੋਈ ਬਣ ਗਿਆ ਤੇਰਾ ਹੱਥਠੋਕਾ *(ਪੰਜਵੇਂ ਵੱਲ ਇਸ਼ਾਰਾ ਕਰਕੇ)* ਕੋਈ ਬਣ ਗਏ ਨਿਰੀਆਂ ਵੋਟਾਂ। ਤੂੰ ਨਾ ਆਪਣੇ ਆਪ ਨੂੰ, ਨਾ ਕਿਸੇ ਹੋਰ ਨੂੰ ਬੰਦਾ ਸਮਝੇਂ।

*(ਤੀਸਰਾ ਦੂਸਰੇ ਪਾਸੇ ਮੂੰਹ ਕਰਕੇ ਮੁਸਕ੍ਰਾਉਂਦਾ ਹੈ)*

ਬੁੱਢਾ ਦਰਿਆ : *(ਤੀਸਰੇ ਨੂੰ)* ਸਾਬ ਬਹਾਦਰ ਨੂੰ ਬੜਾ ਹਾਸਾ ਆ ਰਿਹਾ। ਤੂੰ ਵੀ ਤਾਂ ਆਪਣੇ ਆਪ ਨੂੰ ਸਮਝਦੈਂ ਸਿਰਫ ਅਫ਼ਸਰ। ਜੀਹਨੇ ਤੇਰੇ ਤੋਂ ਉਤਲੀ ਕੁਰਸੀ ਮੱਲ ਲਈ ਉਹ ਤੇਰਾ ਰੱਬ, ਹੇਠਲੀ ਕੁਰਸੀ ਵਾਲਾ ਤੇਰਾ ਕਰਿੰਦਾ *(ਦੂਸਰੇ ਵੱਲ ਇਸ਼ਾਰਾ ਕਰਕੇ)* ਆਹ ਸੋਨੇ ਦਾ ਆਂਡਾ ਦੇਣ ਵਾਲੀ ਮੁਰਗੀ *(ਪੰਜਵੇਂ ਵੱਲ ਇਸ਼ਾਰਾ ਕਰਕੇ)* ਤੇ ਬਾਕੀ ਆਹ ਕੀੜੇ ਮਕੌੜੇ।

ਪੰਜਵਾਂ : ਵੱਡੇ ਬੰਦਿਆਂ ਬਾਰੇ ਇਹ ਗੱਲਾਂ ਕਰਦਿਆਂ ਤੈਨੂੰ ਡਰ ਨਹੀਂ ਲੱਗਦਾ।

ਬੁੱਢਾ ਦਰਿਆ : ਮਰੇ ਹੋਏ ਨੂੰ ਹੋਰ ਕੀ ਮਾਰ ਲਓਗੇ?

ਪੰਜਵਾਂ : ਫੇਰ ਵੀ?

ਬੁੱਢਾ ਦਰਿਆ : ਵੱਡੇ ਛੋਟੇ ਬੰਦੇ ਦਾ ਤਾਂ ਸਵਾਲ ਨਹੀਂ, ਹਾਲੇ ਤਾਂ ਮੈਂ ਤੁਹਾਨੂੰ ਬੰਦੇ ਬਣਨ ਦੀਆਂ ਬੇਨਤੀਆਂ ਕਰਦਾਂ।

ਚੌਥਾ : ਫੇਰ ਓਹੀ ਗੱਲ। ਬੰਦਾ ਹੋਣ ਤੋਂ ਤੇਰਾ ਕੀ ਮਤਲਬ?

ਬੁੱਢਾ ਦਰਿਆ : ਬੰਦਾ ਹੋਣ ਦਾ ਮਤਲਬ ਹੁੰਦਾ ਆਪਣੇ ਆਪ ਨੂੰ ਬੰਦਾ ਸਮਝਣਾ ਅਤੇ ਹੋਰਾਂ ਨੂੰ ਵੀ ਆਪਣੇ ਵਰਗੇ ਬੰਦੇ ਸਮਝਣਾ। ਬੰਦਾ ਹੋਣ ਦਾ ਮਤਲਬ ਹੁੰਦਾ ਆਪਣੇ ਹਿੱਸੇ ਦੀ ਜਿੰਮੇਵਾਰੀ ਹਰ ਹੀਲੇ ਚੁੱਕਣਾ ਤੇ

ਨਿਭਾਉਣਾ। ਜੋ ਆਪਣੇ ਹਿੱਸੇ ਤੋਂ ਵੀ ਵੱਧ ਜ਼ਿੰਮੇਵਾਰੀ ਚੁੱਕੇ, ਹੋਰਾਂ ਦੀ ਵੀ ਜ਼ਿੰਮੇਵਾਰੀ ਚੁੱਕੇ ਉਹ ਵੱਡਾ ਬੰਦਾ ਹੁੰਦਾ। ਅਹੁਦਿਆਂ ਰੁਤਬਿਆਂ ਨਾਲ ਕੋਈ ਵੱਡਾ ਨਹੀਂ ਹੁੰਦਾ। ਕਬੀਰ ਮਹਾਰਾਜ ਕੋਲ, ਭਗਤ ਪੂਰਨ ਸਿੰਘ ਕੋਲ, ਕਰਤਾਰ ਸਿੰਘ ਸਰਾਭੇ ਕੋਲ ਕਿਹੜਾ ਅਹੁਦਾ ਸੀ? ਪਰ ਉਹ ਵੱਡੇ ਲੋਕ ਸਨ। ਮਹਾਤਮਾ ਗਾਂਧੀ ਕੋਲ ਵੀ ਕੋਈ ਅਹੁਦਾ ਨਹੀਂ ਸੀ। ਅਹੁਦਿਆਂ ਕਾਰਨ ਆਪਣੇ ਆਪ ਨੂੰ ਤੇ ਦੂਸਰਿਆਂ ਨੂੰ ਵੱਡੇ ਛੋਟੇ ਸਮਝਣ ਵਾਲੇ ਅਸਲ ਵਿੱਚ ਨਿੱਕੇ ਲੋਕ ਹੁੰਦੇ।

ਦੂਸਰਾ : ਅਸੀਂ ਤਾਂ ਤੇਰੀ ਸਫਾਈ ਦੀ ਸ਼ੁਰੂਆਤ ਕਰਨ ਆਏ ਸੀ, ਤੂੰ ਸਾਡਾ ਹੀ ਮਾਂਜਾ ਲਾਹੀ ਜਾਨਾਂ, ਸਾਡੀ ਸਫਾਈ ਕਰੀ ਤੁਰਿਆ ਜਾਨਾਂ।

ਬੁੱਢਾ ਦਰਿਆ : ਬਿਲਕੁਲ। ਮੈਨੂੰ ਪਤਾ ਹੈ ਜਿੰਨਾ ਚਿਰ ਤੁਹਾਡੀ ਸਫਾਈ ਨਹੀਂ ਹੁੰਦੀ ਓਨਾ ਚਿਰ ਤੁਸੀਂ ਮੇਰੀ ਸਫਾਈ ਕਰ ਹੀ ਨਹੀਂ ਸਕਦੇ। ਇਸ ਕਰਕੇ ਹੁਣ ਤੱਕ ਕਈਆਂ ਨੇ ਕੋਸ਼ਿਸ਼ਾਂ ਕੀਤੀਆਂ, ਟੱਕਰਾਂ ਮਾਰ ਕੇ ਹਟ ਗਏ, ਕੋਈ ਨਤੀਜਾ ਨਹੀਂ ਨਿਕਲਿਆ।

ਚੌਥਾ : ਹੁਣ ਤੈਨੂੰ ਆਸ ਹੈ ਚੰਗੇ ਨਤੀਜੇ ਦੀ?

ਬੁੱਢਾ ਦਰਿਆ : ਹਾਂ। ਕਿਉਂਕਿ ਇਹ ਪਹਿਲੀ ਵਾਰ ਹੈ ਕਿ ਤੁਸੀਂ ਰਲ਼ ਕੇ ਮੇਰੀ ਕੌੜੀ ਕੁਸੈਲੀ ਸਾਰੀ ਗੱਲ ਸੁਣੀ। ਸੁਣਨਾ ਬੜਾ ਔਖਾ। ਇਹ ਸੂਰਮਿਆਂ ਦਾ ਕੰਮ ਹੈ। ਸੁਣੀ ਨੂੰ ਪਿਆਰ ਸਹਿਤ ਮੰਨ ਲਓਗੇ ਤਾਂ ਮੇਰੀ ਆਸ ਹੋਰ ਵਧ ਜਾਏਗੀ। ਮੰਨੀ ਨੂੰ ਅਪਣਾ ਲਓਗੇ ਤਾਂ ਸਾਰੀ ਗੰਦਗੀ ਦੂਰ ਹੋ ਜਾਏਗੀ। ਸਭ ਕੁਝ ਨਿਰਮਲ ਅਤੇ ਪਵਿੱਤਰ ਹੋ ਜਾਏਗਾ।

ਸੁਣਿਆ, ਮੰਨਿਆ, ਮਨਿ ਕੀਤਾ ਭਾਉ।

ਅੰਤਰ ਗਤਿ ਤੀਰਥਿ ਮਲਿ ਨਾਉ।

*(ਸਾਰੇ ਜ਼ੋਰ ਜ਼ੋਰ ਦੀ ਤਾੜੀਆਂ ਮਾਰਦੇ ਹਨ, ਦਰਸ਼ਕਾਂ ਨੂੰ ਵੀ ਤਾੜੀਆਂ ਮਾਰਨ ਦਾ ਇਸ਼ਾਰਾ ਕਰਦੇ ਹਨ)*

ਬੁੱਢਾ ਦਰਿਆ : ਸਹੀ ਗੱਲ ਦੱਸਾਂ? ਮੇਰੀ ਸਫਾਈ ਕਰਨ ਦੀ ਤੁਹਾਨੂੰ ਲੋੜ ਨਹੀਂ।

ਪਹਿਲਾ : ਹੁਣ ਏਨੀ ਚੌੜ ਤਾਂ ਨਾ ਕਰ ਬਾਪੂ।

ਦੂਸਰਾ : ਹੋਰ ਏਨੇ ਦਿਨਾਂ ਦਾ ਵਾਜਾਂ ਕਿਉਂ ਮਾਰਦੈ?

ਬੁੱਢਾ ਦਰਿਆ : ਆਪਣੀਆਂ ਆਹ ਗੱਲਾਂ ਸੁਣਾਉਣ ਨੂੰ।

*(ਗਾਉਂਦਾ ਹੈ)*

ਵਾਜਾਂ ਮਾਰੀਆਂ ਬੁਲਾਏ ਕਈ ਵਾਰ ਮੈਂ

ਪਹਿਲੀ ਵਾਰ ਗੱਲ ਹੈ ਸੁਣੀ, ਹੋ ਵਾਜਾਂ ਮਾਰੀਆਂ

ਤੀਸਰਾ : ਤੇਰੀਆਂ ਗੱਲਾਂ ਵੀ ਸੁਣਾਂਗੇ ਤੇ ਤੇਰੀ ਸਾਂਭ ਸੰਭਾਲ ਵੀ ਕਰਾਂਗੇ।

ਬੁੱਢਾ ਦਰਿਆ : ਮੈਨੂੰ ਇਕ ਗੱਲ ਦੱਸੋ।

ਚੌਥਾ : ਪੁੱਛੋ।

ਬੁੱਢਾ ਦਰਿਆ : ਜਦੋਂ ਬੰਦੇ ਅਜੇ ਪੈਦਾ ਨਹੀਂ ਸੀ ਹੋਏ, ਓਦੋਂ ਦਰਿਆ ਗੰਦੇ ਸੀ ਕਿ ਸਾਫ?

ਚੌਥਾ : ਸਾਫ ਹੀ ਹੋਣਗੇ।

ਬੁੱਢਾ ਦਰਿਆ : ਓਦੋਂ ਸਾਂਭ ਸੰਭਾਲ ਕੌਣ ਕਰਦਾ ਸੀ?

ਪਹਿਲਾ : ਕੁਦਰਤ ਆਪੇ।

ਬੁੱਢਾ ਦਰਿਆ : ਜਦੋਂ ਅਜੇ ਸ਼ਹਿਰ ਨਹੀਂ ਸੀ ਵਸੇ , ਓਦੋਂ ਦਰਿਆ ਗੰਦੇ ਸੀ ਕਿ ਸਾਫ?

ਦੂਜਾ : ਬਿਲਕੁਲ ਸਾਫ।

ਬੁੱਢਾ ਦਰਿਆ : ਓਦੋਂ ਮੇਰੀ ਸਫਾਈ ਕੌਣ ਕਰਦਾ ਸੀ?

ਤੀਸਰਾ : ਕੁਦਰਤ।

ਬੁੱਢਾ ਦਰਿਆ : ਹੁਣ ਵੀ ਕੁਦਰਤ ਮੈਨੂੰ ਸਾਫ ਕਰ ਸਕਦੀ ਹੈ। ਤੁਸੀਂ ਆਪਣੇ ਗੰਦ ਦਾ ਪ੍ਰਬੰਧ ਕਰੋ। ਗੰਦ ਪਾਉਣ ਨਾਲ ਦਰਿਆ ਤੇ ਸਿਸਟਮ ਗੰਦੇ ਹੁੰਦੇ ਨੇ। ਗੰਦ ਨਾ ਪਾਓਗੇ ਸਿਸਟਮ ਸੁਥਰਾ ਹੋਵੇਗਾ, ਦਰਿਆ ਨਿਰਮਲ ਰਹਿਣਗੇ। ਗੰਦ ਪਾਉਣ ਦਾ ਕੰਪੀਟੀਸ਼ਨ ਬਹੁਤ ਕਰ ਲਿਆ, ਵਰਲਡ ਚੈਂਪੀਅਨ ਬਣ ਗਏ। ਹੁਣ ਇਕ ਦੂਜੇ ਲਈ ਪ੍ਰੇਰਨਾ ਬਣਿਓ ਗੰਦ ਨਾ ਪੈਣ ਦੇਣ ਦੀ।

ਪਹਿਲਾ : ਇਸ ਵਾਸਤੇ ਪੂਰੀ ਯੋਜਨਾ ਬਣਾਵਾਂਗੇ।

ਦੂਸਰਾ : ਪਾਣੀ ਸੋਧ ਪਲਾਂਟ ਲਗਾਵਾਂਗੇ ਤੇ ਚਲਾਵਾਂਗੇ।

ਤੀਸਰਾ : ਕੂੜਾ ਸੰਭਾਲ ਦਾ ਪ੍ਰਬੰਧ ਕਰਾਂਗੇ।

ਅਣਸੋਧਿਆ ਸੀਵਰੇਜ ਨਹੀਂ ਵਗਾਵਾਂਗੇ।

ਚੌਥਾ : ਵਾਤਾਵਰਨ ਕਾਨੂੰਨਾਂ ਦੀ ਪੂਰੀ ਪਾਲਣਾ ਕਰਾਵਾਂਗੇ।

ਪੰਜਵਾਂ : ਮੇਰੀ ਡੈਰੀਆਂ ਵਾਲਿਆਂ ਨਾਲ ਗੱਲ ਹੋ ਗਈ ਬਈ।

ਕਹਿੰਦੇ ਹੁਣ ਗੋਹਾ ਦਰਿਆ ਵਿਚ ਨਹੀਂ ਪਾਵਾਂਗੇ।

*(ਨਾਮਧਾਰੀ ਬੁੱਢੇ ਦੇ ਚੋਗੇ ਤੋਂ ਕੂੜਾ ਕਚਰਾ ਉਤਾਰਦਾ ਹੋਇਆ)*

ਨਾਮਧਾਰੀ : ਪ੍ਰਦੂਸ਼ਨ ਵਿਰੁੱਧ ਆਜ਼ਾਦੀ ਦੀ ਲਹਿਰ ਚਲਾਵਾਂਗੇ।

ਸਭ ਨੂੰ ਨਾਲ ਰਲਾਂਵਾਂਗੇ, ਪੂਰਾ ਦੇਸ਼ ਜਗਾਵਾਂਗੇ।

ਬੁੱਢਾ ਦਰਿਆ : ਮੈਂ ਆਪਣੇ ਆਪ ਹੀ ਪਹਿਲਾਂ ਵਰਗਾ ਸੁਥਰਾ ਹੋ ਜਾਣਾ ਹੈ।

ਨਾਮਧਾਰੀ : ਨਹੀਂ, ਅਸੀਂ ਤੈਨੂੰ ਪਹਿਲਾਂ ਨਾਲੋਂ ਵੀ ਕਿਤੇ ਵੱਧ

ਖੂਬਸੂਰਤ ਬਣਾਵਾਂਗੇ।

ਦੂਸਰਾ : ਖੂਬਸੂਰਤ ਬੂਟੇ, ਜੰਗਲੇ, ਲਾਈਟਾਂ ਲਗਾਵਾਂਗੇ।

ਤੀਸਰਾ : ਸੁਹਾਵਨੀਆਂ ਸੈਰਗਾਹਾਂ ਬਣਾਵਾਂਗੇ।

ਚੌਥਾ : ਟੂਰਿਸਟ ਸਪਾਟ ਵਾਂਗ ਸਜਾਵਾਂਗੇ।

ਪੰਜਵਾਂ : ਹੁਣ ਲਗਦੇ ਹੱਥ ਇਹ ਵੀ ਕਹੋ।

ਬਾਕੀ ਸਾਰੇ : ਕੀ?

ਪੰਜਵਾਂ : ਬੁੱਢੇ ਬਾਪੂ ਦੇ ਜਿੰਨੇ ਕੰਮ ਕਾਰ ਕਰਾਵਾਂਗੇ।
ਵਿਚੋਂ ਰਿਸ਼ਵਤਾਂ, ਕਮਿਸ਼ਨ ਤੇ ਫੰਡ ਨਹੀਂ ਖਾਵਾਂਗੇ।

*(ਕਹਿ ਕੇ ਡਰਦਾ ਪਿਛਾਂ ਨੂੰ ਹੁੰਦਾ ਹੈ, ਪਰ ਸਾਰੇ ਖਿੜ ਖਿੜਾ ਕੇ ਹੱਸਦੇ ਹਨ)*

ਬੁੱਢਾ ਦਰਿਆ : ਤੁਹਾਡੇ ਸਾਂਝੇ ਹਾਸੇ 'ਚੋਂ ਮੈਨੂੰ ਇਹ ਸੁਣਿਆਂ ਹੈ ਕਿ ਤੁਹਾਡੇ ਦਿਲ ਜੁੜ ਗਏ ਹਨ। ਦਿਲ ਜੁੜੇ ਬਿਨਾਂ ਸਿਰ ਨਹੀਂ ਜੁੜ ਸਕਦੇ। ਕੱਲ੍ਹ ਤੋਂ ਸਿਰ ਜੋੜ ਕੇ ਬੈਠਣਾ। ਬਰਕਤਾਂ ਬਖਸਿਸ਼ਾਂ ਨਾਲ ਝੋਲੀਆਂ ਭਰਨਗੀਆਂ।

ਪਹਿਲਾ : ਬਾਪੂ, ਅਸੀਂ ਦਿਲ ਵੀ ਜੋੜਾਂਗੇ, ਸਿਰ ਵੀ ਜੋੜਾਂਗੇ, ਜਿਥੇ ਲੋੜ ਪਈ ਹੱਥ ਵੀ ਜੋੜਾਂਗੇ।

*(ਪ੍ਰਭਾਤ ਫੇਰੀ ਦੇ ਗਾਇਨ ਦੀ ਤਰਜ਼ ਤੇ)*

ਦੂਸਰਾ : ਵਿਗਿਆਨੀਆਂ ਨੂੰ ਹੈ ਨਾਲ ਜੋੜਨਾ।

*(ਕੁਝ ਦਰਸ਼ਕਾਂ ਨੂੰ ਮੰਚ ਤੇ ਆਉਣ ਦਾ ਇਸ਼ਾਰਾ ਕਰਦਾ ਹੈ, ਇਕ ਦੋ ਵਿਅਕਤੀ ਮੰਚ ਤੇ ਆ ਸ਼ਾਮਲ ਹੁੰਦੇ ਹਨ)*

ਸਾਰੇ : ਵਿਗਿਆਨੀਆਂ ਨੂੰ ਹੈ ਨਾਲ ਜੋੜਨਾ।

ਵਿਗਿਆਨੀ : ਇਸ ਹਾਲਤ ਦਾ ਮੂੰਹ ਮੋੜਨਾ।
ਇਸ ਹਾਲਤ ਦਾ ਮੂੰਹ ਮੋੜਨਾ।

ਤੀਸਰਾ : ਤਕਨੀਕੀ ਮਾਹਿਰ ਅੱਗੇ ਲਾਉਣੇ।

*(ਕੁਝ ਹੋਰ ਦਰਸ਼ਕਾਂ ਨੂੰ ਮੰਚ ਤੇ ਆਉਣ ਦਾ ਇਸ਼ਾਰਾ ਕਰਦਾ ਹੈ, ਇਕ ਦੋ ਵਿਅਕਤੀ ਮੰਚ ਤੇ ਆ ਸ਼ਾਮਲ ਹੁੰਦੇ ਹਨ)*

ਸਾਰੇ : ਤਕਨੀਕੀ ਮਾਹਿਰ ਅੱਗੇ ਲਾਉਣੇ ।

ਮਾਹਿਰ : ਨਵੀਆਂ ਜੁਗਤਾਂ ਢੰਗ ਅਪਣਾਉਣੇ।

ਨਵੀਆਂ ਜੁਗਤਾਂ ਢੰਗ ਅਪਣਾਉਣੇ।

ਚੌਥਾ : ਲੈਂਡ ਸਕੇਪਰ ਆਵਣਗੇ।

*(ਇਕ ਹੋਰ ਵਿਅਕਤੀ ਮੰਚ ਤੇ ਆ ਸ਼ਾਮਲ ਹੁੰਦਾ ਹੈ)*

ਸਾਰੇ : ਲੈਂਡ ਸਕੇਪਰ ਆਵਣਗੇ।

ਲੈਂਡ ਸਕੇਪਰ : ਫੁੱਲ ਬੂਟੇ ਨਵੇਂ ਲਗਾਵਣਗੇ।

ਫੁੱਲ ਬੂਟੇ ਨਵੇਂ ਲਗਾਵਣਗੇ।

ਪੰਜਵਾਂ : ਤੁਸੀਂ ਬੀਬੀਓ ਅੱਗੇ ਆਓ।

*(ਕੁਝ ਔਰਤਾਂ ਮੰਚ 'ਤੇ ਆਉਂਦੀਆਂ ਹਨ)*

ਸਾਰੇ : ਤੁਸੀਂ ਬੀਬੀਓ ਅੱਗੇ ਆਓ।

ਔਰਤਾਂ : ਪਾਣੀ ਬਚਾਓ ਜੀਵਨ ਬਚਾਓ।

ਪਾਣੀ ਬਚਾਓ ਜੀਵਨ ਬਚਾਓ।

ਪਹਿਲਾ : ਬੱਚਿਆਂ ਰੰਗ ਦਿਖਾਉਣਾ ਹੈ।

*(ਕੁਝ ਬੱਚੇ ਮੰਚ ਤੇ ਆਉਂਦੇ ਹਨ)*

ਸਾਰੇ : ਬੱਚਿਆਂ ਰੰਗ ਦਿਖਾਉਣਾ ਹੈ।

ਬੱਚੇ : ਬੁੱਢਾ ਦਰਿਆ ਸਜਾਉਣਾ ਹੈ,

ਚੰਗੇ ਸ਼ਹਿਰੀ ਅਖਵਾਉਣਾ ਹੈ।

ਬੁੱਢਾ ਦਰਿਆ ਸਜਾਉਣਾ ਹੈ,

ਚੰਗੇ ਸ਼ਹਿਰੀ ਅਖਵਾਉਣਾ ਹੈ।

ਦੂਸਰਾ : ਕੋਈ ਨਾ ਪਿੱਛੇ ਰਹਿਣਾ ਹੈ

*(ਕਾਫੀ ਸਾਰੇ ਹੋਰ ਲੋਕ ਮੰਚ ਤੇ ਆ ਜਾਂਦੇ ਹਨ)*

ਸਾਰੇ : ਕੋਈ ਨਾ ਪਿੱਛੇ ਰਹਿਣਾ ਹੈ

ਤੀਸਰਾ : ਸਭ ਨੇ ਏਹੀ ਕਹਿਣਾ ਹੈ

ਸਾਰੇ : ਸਭ ਨੇ ਏਹੀ ਕਹਿਣਾ ਹੈ

ਚੌਥਾ : ਬੁੱਢੇ ਬਾਪ ਕਰ ਦਿਓ ਮਾਫ

ਸਾਰੇ : ਬੁੱਢੇ ਬਾਪ ਕਰ ਦਿਓ ਮਾਫ

ਪੰਜਵਾਂ : ਅਸੀਂ ਤੁਹਾਨੂੰ ਕਰਾਂਗੇ ਸਾਫ

ਸਾਰੇ : ਬੁੱਢੇ ਬਾਪ ਕਰ ਦਿਓ ਮਾਫ

ਸਾਰੇ : ਅਸੀਂ ਤੁਹਾਨੂੰ ਰੱਖਣਾ ਸਾਫ

•••

## ਪਹਿਲੀਆਂ ਪੇਸ਼ਕਾਰੀਆਂ ਵਾਲੀ ਟੀਮ

**ਮੰਚ ਰੰਗਮੰਚ, ਅੰਮ੍ਰਿਤਸਰ**

ਨਿਰਦੇਸ਼ਕ : ਕੇਵਲ ਧਾਲੀਵਾਲ਼

ਗੁਰਤੇਜ ਮਾਨ,
ਜਤਿੰਦਰ ਸੋਨੂੰ, ਪਾਵੇਲ ਸੰਧੂ,
ਵਿਕਾਸ ਜੋਸ਼ੀ, ਵਿਕਰਾਂਤ ਭੁੱਲਰ,
ਜਸਵੰਤ ਸਿੰਘ, ਸਾਰਥਕ ਹਾਂਡਾ,
ਸੁਖਵਿੰਦਰ ਵਿਰਕ, ਵਿਜੇ ਕੁਮਾਰ,
ਸਰਬਜੀਤ ਸਿੰਘ, ਗੌਤਮ ਮਹਿੰਦਰੂ,
ਮੋਹਿਤ ਕੁਮਾਰ, ਪਾਵੇਲ ਆਗਸਤ,


ਗਾਇਨ ਤੇ ਸੰਗੀਤ : ਲੋਪੋਕੇ ਭਰਾ
ਲਖਵੀਰ ਸਿੰਘ, ਰਜਿੰਦਰ ਸਿੰਘ

27 ਜਨਵਰੀ, 2019 ਨੂੰ ਲੁਧਿਆਣਾ ਵਿਖੇ ਬੁੱਢੇ ਦਰਿਆ ਕਿਨਾਰੇ

ਆਣ ਮਿਲੋ ਦਰੀਆਓ

ਮੇਲੇ ਦੌਰਾਨ ਖੇਡੇ ਗਏ ਨਾਟਕ ਦੇ ਦ੍ਰਿਸ਼ :
































ਨਾਟਕ ਦੌਰਾਨ ਦਰਸ਼ਕ



ਨਾਟਕ ਦੀ ਸਮਾਪਤੀ 'ਤੇ

**ਲੇਖਕ ਦੀਆਂ ਹੋਰ ਪੁਸਤਕਾਂ**




ਬੇਜ਼ੁਬਾਨਾਂ ਨੂੰ ਜ਼ੁਬਾਨ ਦੇਣਾ ਕਵੀਆਂ ਦਾ ਕੰਮ ਹੈ। ਜਸਵੰਤ ਜ਼ਫ਼ਰ ਨੇ ਬੁੱਢੇ ਦਰਿਆ ਨੂੰ ਜ਼ੁਬਾਨ ਦੇਣ ਵਾਲੇ ਮੁਸ਼ਕਿਲ ਕੰਮ ਨੂੰ ਬਹੁਤ ਕਾਮਯਾਬੀ ਨਾਲ਼ ਨਿਭਾਇਆ ਹੈ। ਆਪਣੇ ਮੰਤਵ ਵਿੱਚ ਸਫ਼ਲ ਇਸ ਨਾਟਕ ਵਿੱਚ ਬੌਧਿਕਤਾ ਅਤੇ ਭਾਵੁਕਤਾ ਦਾ ਬਹੁਤ ਸੋਹਣਾ ਅਤੇ ਪ੍ਰਭਾਵਸ਼ਾਲੀ ਸੁਮੇਲ ਹੈ।

-ਡਾ. ਸੁਰਜੀਤ ਪਾਤਰ

ਦਰਿਆਵਾਂ ਜਾਂ ਮਰ ਰਹੇ ਦਰਿਆਵਾਂ ਬਾਰੇ ਪਹਿਲੀ ਵਾਰ ਅਜਿਹਾ ਨਾਟਕ ਲਿਖਿਆ ਗਿਆ। ਸਾਡੀਆਂ ਸਮੂਹਿਕ ਸਮੱਸਿਆਵਾਂ ਬਾਰੇ ਲੋਕਾਈ ਨੂੰ ਚੇਤੰਨ ਕਰਨ ਲਈ ਅਜਿਹੀਆਂ ਰਚਨਾਵਾਂ ਦਾ ਵੱਡਾ ਮਹੱਤਵ ਹੈ।

-ਸ. ਕਾਹਨ ਸਿੰਘ ਪੰਨੂੰ

ਬੁੱਢਾ ਦਰਿਆ ਨਾਟਕ ਵਿੱਚ ਸਾਡੇ ਇਤਿਹਾਸ ਦੇ ਉਹਨਾਂ ਮਹੱਤਵਪੂਰਣ ਪੰਨਿਆਂ ਨੂੰ ਪੜ੍ਹਿਆ ਗਿਆ ਜੋ ਹੁਣ ਤੱਕ ਅਣਗੌਲੇ ਸਨ। ਦਰਿਆਵਾਂ ਦੀ ਸਾਂਭ-ਸੰਭਾਲ਼ ਅਤੇ ਸਾਫ਼-ਸਫ਼ਾਈ ਨੂੰ ਲੈ ਕੇ ਲਿਖਿਆ ਗਿਆ ਇਹ ਪਹਿਲਾ ਨਾਟਕ ਹੈ, ਜਿਸ ਵਿੱਚ ਦਰਸ਼ਕ ਮਨ ਨੂੰ ਝੰਜੋੜਨ ਅਤੇ ਹਲੂਣਾ ਦੇਣ ਦੀ ਬਹੁਤ ਸ਼ਕਤੀ ਹੈ।

-ਡਾ. ਨਿਰਮਲ ਜੌੜਾ

**A Group of**
**Chetna Parkashan**
**Ludhiana | Kotkapura | Canada | USA**
ISBN 93-88915-20-8
9 789388 915205

***Buddha Darya***

₹ 100/-